ਹੇਰਵਾ

ਇਸੇ ਕਲਮ ਤੋਂ

ਪ੍ਰਕਾਸ਼ਿਤ ਕਾਵਿ–ਸੰਗ੍ਰਹਿ :

1. ਮੋਰਚੇ ਤੋਂ ਬਾਹਰ
2. ਬੂੰਦ ਬੂੰਦ ਬਰਸਾਤ
3. ਪੁਲਾਂ ਦੇ ਟੁੱਟ ਜਾਣ ਮਗਰੋਂ
4. ਤਾਲਾ
5. ਇਕਤਾਰੇ ਤਾਂ ਚੁੱਪ ਹੋ ਗਏ
6. ਪ੍ਰਾਬਲਮ ਮੈਨ
7. ਹੱਦਾਂ ਟੱਪ ਆਏ ਜਰਵਾਣੇ
8. ਜੰਗਨਾਮਾ ਨਵਾਂ ਪੰਜਾਬ (ਪ੍ਰਕਾਸ਼ਨ ਅਧੀਨ)

ਪ੍ਰਕਾਸ਼ਿਤ ਸਾਹਿਤ–

ਸਭਿਆਚਾਰ ਚਿੰਤਨ : ਸੰਵਾਦ ਦੇ ਪਲ (ਡਾ. ਤੇਜਵੰਤ ਸਿੰਘ ਗਿੱਲ ਨਾਲ ਮੁਲਾਕਾਤਾਂ ਦੀ ਵਿਲੱਖਣ ਪੁਸਤਕ)

ਪ੍ਰਕਾਸ਼ਿਤ ਨਾਟਕ : ਗਾਥਾ–ਏ–ਗ਼ਦਰ (ਗ਼ਦਰ ਲਹਿਰ ਉਪਰ ਸ਼ਤਾਬਦੀ ਨਾਟਕ)


- ਸਥਾਪਤੀ ਵਿਰੋਧੀ ਪੱਤਰਕਾਰੀ ਵਿਚ ਯੋਗਦਾਨ
- ਸਮਾਚਾਰ ਪੱਤਰਾਂ ਵਿਚ ਪੁਸਤ ਸਮੀਖਿਆ
- ਅਸਤਿਤਵਵਾਦ ਉਪਰ ਸ਼ੋਧ–ਪੱਤਰ
- ਸਤਨਾਮ ਚਾਨਾ ਦੁਆਰਾ ਨਿਰਮਿਤ ਐਨੀਮੇਸ਼ਨ ਫ਼ਿਲਮ 'ਗੁਰੂ ਦਾ ਬੰਦਾ' ਦੇ ਗੀਤਾਂ ਦਾ ਲੇਖਨ

ਪ੍ਰਕਾਸ਼ਿਤ ਕਹਾਣੀ ਸੰਗ੍ਰਹਿ:

- ਰੰਗ ਮਜੀਠੀ

ਹੇਰਵਾ

ਰਾਕੇਸ਼ ਰਮਨ



ਸਪਤਰਿਸ਼ੀ ਪਬਲੀਕੇਸ਼ਨਜ਼
ਚੰਡੀਗੜ੍ਹ

Herva

by

Rakesh Raman

9878831166

ISBN

978-93-90642-78-6

Edition 2021

International Publishers & Book Suppliers

Saptrishi Publication approved by UGC

Offices

Green Avenue, K.K. Road, Sri Muktsar Sahib

Street 22466 133RD, Avenue South East, City : Kent,
State: Washington, Zip Code 98042 (USA) Ph. +12532435688

#16, Fallowfield Road, LEICESTER- U.K. LES-6LQ



Published by

Saptrishi Publication

Plot No. 24/9, Industrial Area, Phase-2,
Near Tribune Chowk, Chandigarh.

Website : www.saptrishipublication.com

E-mail-: sapatrishi94@gmail.com

0172-5002591, 94638-36591, 77174-65715

All rights reserved. No part of this book may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the Publisher.

ਤਤਕਰਾ

ਦੋ ਸ਼ਬਦ

ਗਲਪੀ ਕਥਾ ਦਾ ਇਤਿਹਾਸ ਮਨੁੱਖ ਦੇ ਜੀਵਨ ਜਿੰਨਾ ਹੀ ਪੁਰਾਣਾ ਹੈ। ਬ੍ਰਹਿਮੰਡ ਦੀ ਉੱਤਪਤੀ ਤੇ ਪਾਸਾਰਾ ਜਿੱਥੇ ਵਿਗਿਆਨਕ ਖੋਜਾਂ ਰਾਹੀਂ ਸਾਡੇ ਤੱਕ ਪੁੱਜਾ ਹੈ, ਉਥੇ ਹੀ ਬ੍ਰਹਿਮੰਡੀ ਹੋਂਦ ਬਾਬਤ ਕਲਪਨਾਸ਼ੀਲ ਤੱਤਾਂ ਦਾ ਵੀ ਸਹਾਰਾ ਲਿਆ ਗਿਆ ਹੈ। ਮੁੱਢ ਕਾਲ ਤੋਂ ਹੀ ਮਨੁੱਖ ਆਪਣੀ ਕੋਈ ਅੰਦਰਲੀ ਰੀਝ ਤ੍ਰਿਪਤੀ ਲਈ ਬਾਤ ਪਾਉਂਦਾ ਤੇ ਸੁਣਾਉਂਦਾ ਰਿਹਾ ਹੈ। ਸ਼ਿਕਾਰ ਖੇਡ ਕੇ ਵਾਪਸੀ ਦੌਰਾਨ ਆਦਿ ਮਨੁੱਖਾਂ ਦਾ ਝੁੰਡ ਆਪਣੇ ਕਬੀਲੇ ਦੇ ਲੋਕਾਂ ਨੂੰ ਆਪ ਬੀਤੀ ਸੁਣਾ ਕੇ ਆਚੰਭਿਤ ਕਰਦਾ ਸੀ। ਭੌਤਿਕ ਅਤੇ ਪਰਾ-ਭੌਤਿਕ ਸ਼ਕਤੀਆਂ ਦਾ ਵਰਨਣ ਸੁਣਨ ਵਾਲਿਆਂ ਨੂੰ ਕਥਾ ਸੰਸਾਰ ਨਾਲ ਬੰਨੀ ਰਖਦਾ ਸੀ। ਇਹ ਸਮਾਂ ਕੇਵਲ ਕਥਾ ਸੁਣਾਉਣ ਦਾ ਹੀ ਨਹੀਂ ਸੀ, ਸਗੋਂ ਕਥਾ ਵਕਤਾ ਨਾਲ ਅਭਿਨੈ ਦਾ ਮੁੱਢ ਵੀ ਬੰਨ੍ਹ ਰਿਹਾ ਸੀ। ਸੁਣਨਹਾਰੇ, ਖ਼ਾਸ ਤੌਰ ’ਤੇ ਕਬੀਲੇ ਦੀਆਂ ਔਰਤਾਂ ਤੇ ਬੱਚੇ ਆਪਣੇ ਮਰਦਾਂ ਤੇ ਸਾਕ-ਸੰਬੰਧੀਆਂ ਨੂੰ ਕਥਾ-ਸੰਸਾਰ ਵਿੱਚ ਸ਼ਿਕਾਰ ਖੇਡਦੇ ਪ੍ਰਤੱਖ ਵੇਖਦੇ ਤੇ ਉਨ੍ਹਾਂ ਦੇ ਕਾਰਨਾਮਿਆਂ ਤੋਂ ਪ੍ਰਭਾਵਤ ਹੁੰਦੇ। ਇਹ ਮਨੁੱਖੀ ਜੀਵਨ ਅੰਦਰ ਉਸ ਦੇ ਆਪਣੇ ਘੜੇ ਤੇ ਸਥਾਪਤ ਕੀਤੇ ਨਾਇਕ ਦੀ ਸਿਰਜਣਾ ਦਾ ਮੁੱਢਲਾ ਸਮਾਂ ਸੀ। ਬਾਬਾ ਆਦਮ ਤੇ ਬੀਬੀ ਹਵਾ ਦੀ ਕਥਾ ਬਾਬਤ ਉਰਦੂ ਦੇ ਸ਼ਾਇਰ ਮਿਰਜ਼ਾ ਗ਼ਾਲਿਬ ਨੇ ਇਕ ਸ਼ੇਅਰ ਵਿਚ ਹੀ ਬਿਆਨ ਕਰ ਦਿੱਤਾ ਹੈ, ਜਿਸ ਵਿਚੋਂ ਇਕ ਲੰਮੀ ਮਨੁੱਖੀ ਕਥਾ ਦਾ ਮੁੱਢ ਬੱਝਦਾ ਹੈ :

‘ਨਿਕਲਨਾ ਖ਼ੁਲਦ (ਸਵਰਗ) ਸੇ ਆਦਮ ਕਾ ਸੁਨਤੇ ਆਏ ਥੇ ਲੇਕਿਨ।’

ਬਾਈਬਲ ਦੀਆਂ ਕਥਾਵਾਂ ਤੋਂ ਵੀ ਪਹਿਲਾਂ ਕਥਾ ਸਾਹਿਤ ਮੌਜੂਦ ਹੈ, ਇਸ ਸਮੇਂ ਤੋਂ ਲੈ ਕੇ ਹੁਣ ਤੱਕ ‘ਖੱਬਲ’ ਤੋਂ ਲੈ ਕੇ ‘ਬਹਿਮੰਡੀ’ ਵਿਸ਼ਿਆਂ ਉਤੇ ਕਥਾਵਾਂ ਰਚੀਆਂ ਗਈਆਂ ਹਨ। ਇਸ ਕਥਾ ਸੰਸਾਰ ਦਾ ਵਿਸ਼ਾ ਐਨਾ ਵਿਰਾਟ ਹੈ ਕਿ ਬਾਬਾ ਆਦਮ ਤੋਂ ਲੈ ਕੇ ਉਤਰ ਕਰੋਨਾ ਕਾਲ ਤੇ ਕਿਸਾਨਾਂ ਦਾ ਲੋਕ-ਸੰਘਰਸ਼ ਤੱਕ ਇਸ ਕਲਾ ਨੇ ਆਪਣੇ ਕਲਾਵੇ ਵਿਚ ਸਮੇਟਿਆ ਹੈ। ਇਹ ਕੋਈ ਅਤਕਥਨੀ ਨਹੀਂ ਹੈ ਕਿ ਆਦਿ ਕਾਲ ਤੋਂ ਕਿਰਤੀ-ਕਿਰਸਾਨੀ ਸੰਘਰਸ਼ ਤੱਕ ਦੀ ਕਥਾ ਦਾ ਧੁਰਾ ਮਨੁੱਖ ਹੀ ਰਿਹਾ ਹੈ। ਰਮਨ ਕੁਮਾਰ ਦਾ ਕਹਾਣੀ-ਸੰਗ੍ਰਹਿ ‘ਹੇਰਵਾ’ ਇਸੇ ਮਨੁੱਖ ਦੀ ਕਹਾਣੀ ਦਾ ਗਲਪੀ ਦਸਤਾਵੇਜ਼ ਹੈ। ਕੀ ਕੋਈ

ਗਲਪ ਰਚਨਾ ਦਸਤਾਵੇਜ਼ ਵੀ ਹੋ ਸਕਦੀ ਹੈ? ਇਹ ਸਵਾਲ ਹਾਸੋਹੀਣਾ ਨਹੀਂ ਸਗੋਂ ਡੂੰਘੇ ਅਰਥਾਂ ਦਾ ਧਾਰਨੀ ਹੈ। ਜਦੋਂ ਜਰਮਨ ਫੌਜਾਂ ਰੂਸ ਵੱਲ ਵੱਧ ਰਹੀਆਂ ਸਨ ਤਾਂ ਲੈਨਿਨ ਆਪਣੇ ਬੰਕਰ ਵਿਚ ਇਸੇ ਉਦੇੜ ਬੁਣ 'ਚ ਸੀ ਕਿ ਹੁਣ ਕੀ ਕੀਤਾ ਜਾ ਸਕਦਾ ਹੈ। ਐਧਰ-ਉਧਰ ਟਹਿਲ ਰਿਹਾ ਸੀ ਤਾਂ ਅਚਾਨਕ ਉਸਦੀ ਨਜ਼ਰ ਸ਼ੈਲਫ 'ਤੇ ਧਰੀ ਤਾਲਸਤਾਏ ਦੀ ਮਹਾਨ ਗਲਪੀ ਕ੍ਰਿਤ 'ਜੰਗ ਤੇ ਅਮਨ' 'ਤੇ ਜਾ ਪਈ। ਅਚਾਨਕ ਉਸਦੇ ਦਿਮਾਗ ਅੰਦਰ ਇਕ ਵਿਚਾਰ ਬਿਜਲੀ ਦੇ ਲਿਸ਼ਕਾਰੇ ਵਾਂਗ ਫੜਫੜਾਉਣ ਲੱਗਾ। ਅਚਾਨਕ ਉਸ ਨੂੰ ਖਿਆਲ ਆਇਆ ਕਿ ਕਿਵੇਂ ਮਹਾਨ ਸਾਹਿਤਕਾਰ ਨੇ 'ਜੰਗ ਤੇ ਅਮਨ' ਅੰਦਰ ਰੂਸ ਦੇ ਪੱਛਮੀ ਸਿਰੇ 'ਤੇ ਪੈਣ ਵਾਲੀ ਬਰਫ਼ ਤੇ ਕੜਾਕੇ ਦੀਆਂ ਠੰਢਾਂ ਦਾ ਜ਼ਿਕਰ ਕੀਤਾ ਹੈ। ਰੂਸੀਆਂ ਦਾ ਪਿੰਡਾ ਤਾਂ ਅਜਿਹੀਆਂ ਠੰਢਾਂ ਦਾ ਆਦੀ ਸੀ ਪਰ ਦੁਸ਼ਮਣ ਇਕ ਤਰ੍ਹਾਂ ਨਾਲ ਮੌਤ ਦੀ ਡੂੰਘੀ ਘਾਟੀ ਅੰਦਰ ਪ੍ਰਵੇਸ਼ ਕਰ ਬੈਠਾ ਸੀ। ਜਰਮਨ ਫੌਜਾਂ ਨੂੰ ਮੋਰਚਿਆਂ 'ਤੇ ਕੁਝ ਚਿਰ ਹੋਰ ਅਟਕਾ ਕੇ ਰੱਖਣ ਦਾ ਲੈਨਿਨ ਦਾ ਫ਼ੈਸਲਾ ਜੋ ਜਰਮਨਾਂ ਨੂੰ ਯੱਖ ਠੰਢਾਂ ਵਿੱਚ ਮਰਨ ਲਈ ਕਾਫ਼ੀ ਸੀ, ਜਰਮਨ ਫ਼ੌਜਾਂ ਲਈ ਕਬਰ ਦੀ ਕਿੱਲ ਸਾਬਿਤ ਹੋਇਆ। ਆਖਰ ਸਾਹਿਤ ਭਾਵੇਂ ਉਹ ਗਲਪ ਹੋਵੇ ਭਾਵੇਂ ਸਵੈ-ਜੀਵਨੀ, ਸਾਹਿਤ ਨੇ ਸਮਾਜ ਨੂੰ ਕੋਈ ਸੇਧ ਦੇਣੀ ਹੁੰਦੀ ਹੈ, ਸਮਾਜ ਅੰਦਰ ਕੋਈ ਯੋਗਦਾਨ ਪਾਉਣਾ ਹੁੰਦਾ ਹੈ। ਰਮਨ ਕੁਮਾਰ ਨੇ ਆਪਣੇ ਆਖਰੀ ਕਹਾਣੀ-ਸੰਗ੍ਰਹਿ 'ਹੇਰਵਾ' ਰਾਹੀਂ ਐਸੇ ਹੀ ਇਕ ਮਨੁੱਖੀ ਸੰਸਾਰ ਦੀ ਸਿਰਜਣਾ ਕੀਤੀ ਹੈ, ਜੋ ਗਲਪ ਤਾਂ ਹੈ ਹੀ ਪਰ ਇਕ ਤਰ੍ਹਾਂ ਦਾ ਇਤਿਹਾਸਕ ਦਸਤਾਵੇਜ਼ ਵੀ ਹੈ। ਵੰਡ ਤੇ ਉਜਾੜਿਆਂ ਤੋਂ ਲੈ ਕੇ ਕਰੋਨਾ ਕਾਲ ਤੱਕ ਫ਼ੈਲੇ ਇਸ ਕਥਾ ਸੰਸਾਰ ਅੰਦਰ ਅਜਿਹੇ ਮਨੁੱਖਾਂ ਦੀ ਗੱਲ ਕੀਤੀ ਗਈ ਹੈ ਜੋ ਮਨੁੱਖ ਹੋਣ ਦੀ ਸਜ਼ਾ ਵੀ ਕੱਟ ਰਿਹਾ ਹੈ ਤੇ ਆਪਣੀ 'ਅਉਧ' ਆਪਣੀ 'ਜੂਨ' ਸੰਵਾਰਨ ਦੇ ਅਹਾਰ ਵਿੱਚ ਲੱਗਾ ਹੋਇਆ ਹੈ।

ਰਮਨ ਦੇ ਸਿਰਜਣਾ ਸੰਸਾਰ ਵਿਚੋਂ ਗਿਆਰਾਂ ਕਹਾਣੀਆਂ ਹਨ। 'ਹੇਰਵਾ' ਕਹਾਣੀ ਸੰਗ੍ਰਹਿ ਅੰਦਰ ਸ਼ਾਮਲ ਹੈ। ਹਰ ਕਥਾ ਉਤਸੁਕਤਾ ਉਤਪੰਨ ਕਰਦੀ ਹੈ। ਕਹਾਣੀਆਂ ਦੇ ਸਿਰਲੇਖ ਵੇਖੋ : 'ਹੱਥ', 'ਫਿਰ ਵੀ', 'ਹੇਰਵਾ', 'ਲਾਟ', 'ਨਿਆਂ', 'ਰੁਤਬਾ', 'ਸਲਾਮ ਗਰੇਟਾ', 'ਉਜਾੜਾ', 'ਹੱਤਿਆ', 'ਛੱਤ' ਤੇ 'ਮੈਂ ਤਾਂ ਰਾਜੂ ਹਾਂ'।

ਕਹਾਣੀਆਂ ਦੀ ਚੋਣ ਤੇ ਕਹਾਣੀਕਾਰ ਦੀ ਪ੍ਰਤਿਬੱਧਤਾ ਸਾਫ਼ ਹੈ, ਕਿਰਤੀ ਬੰਦੇ ਦੀ ਗੱਲ ਕਰਨੀ ਤੇ ਕਿਰਤ ਦਾ ਮੁੱਲ ਪੁਆਉਣਾ। ਰਮਨ ਦੀਆਂ ਕਹਾਣੀਆਂ ਪੜ੍ਹਦਿਆਂ ਮਨ 'ਤੇ ਤਿੰਨ ਪ੍ਰਭਾਵ ਪੈਂਦੇ ਹਨ, ਜਿਸ ਵਿਚ ਮੈਕਸਿਮ ਗੋਰਕੀ ਦੀਆਂ ਕਹਾਣੀਆਂ, ਗਲਪਕਾਰ ਮੁਨਸ਼ੀ ਪ੍ਰੇਮ ਚੰਦ ਅਤੇ ਗੁਰਦਿਆਲ

ਸਿੰਘ ਜੈਤੋ ਦੇ ਨਾਵਲੀ ਪਾਤਰਾਂ ਦੀ ਹੋਣੀ ਤੇ ਇਰਾਨੀ ਫਿਲਮਾਂ ਦੀ ਆਂਚਲਿਕ ਸਾਂਝ।

ਸੋ ਇਸ ਮੁੱਲਵਾਨ ਕਹਾਣੀ ਸੰਗ੍ਰਹਿ ਦੇ ਪ੍ਰਕਾਸ਼ਿਤ ਹੋਣ 'ਤੇ ਹਾਰਦਿਕ ਖੁਸ਼ੀ ਮਹਿਸੂਸ ਕਰ ਰਿਹਾ ਹਾਂ ਅਤੇ ਆਸ ਹੈ ਕਿ ਪਾਠਕ ਭਰਪੂਰ ਹੁੰਗਾਰਾ ਦੇਣਗੇ।

ਡਾ. ਜਤਿੰਦਰ ਸਿੰਘ

ਹੱਥ

ਨਰੈਣਾ ਨਾ ਹੀ ਨਰਾਇਣ ਸਿੰਘ ਅਖਵਾਉਂਦਾ ਸੀ ਤੇ ਨਾ ਹੀ ਆਪਣੇ ਮੁੰਡਿਆਂ ਵਾਂਗ ਨਰਾਇਣ ਸਿੰਘ ਮਠਾੜੂ, ਉਹ ਬਸ ਨਰੈਣਾ ਹੀ ਸੀ, ਲੋਕ ਤਾਂ ਉਹਨੂੰ ਨਰੈਣਾ ਹੀ ਆਖਦੇ ਸਨ, ਉਹ ਖ਼ੁਦ ਵੀ ਆਪਣੇ ਆਪ ਨੂੰ ਨਰੈਣਾ ਹੀ ਸੱਦਦਾ ਸੀ, ਆਪਣੇ ਮੁੱਖ ਕੰਮ ਤੋਂ ਰਤਾ ਕੁ ਵਿਹਲ ਮਿਲਦੀ ਤਾਂ ਆਖਦਾ, "ਲੈ ਬਈ ਨਰੈਣਿਆਂ! ਹੁਣ ਰਾਮ ਰੱਖੇ ਦੀ ਵੀ ਠੋਕ ਦੇ ਮੰਜੀ।" ਮੰਜੀ ਨੂੰ ਫਾਨੇ ਠੋਕਦਿਆਂ ਨਰੈਣਾ ਆਪ ਵੀ ਮੁਸ਼ਕੜੀਏਂ ਹੱਸਦਾ ਰਹਿੰਦਾ ਤੇ ਕੋਲ ਬੈਠਿਆਂ ਨੂੰ ਵੀ ਨਿੱਕੀਆਂ-ਨਿੱਕੀਆਂ ਗੱਲਾਂ ਨਾਲ ਹਸਾਉਂਦਾ ਰਹਿੰਦਾ।

ਟੂ ਇਨ ਵਨ ਸੀ ਨਰੈਣਾ।ਲੁਹਾਰਾ ਕੰਮ ਵੀ ਕਰਦਾ ਸੀ ਤੇ ਤਰਖਾਣਾ ਕੰਮ ਵੀ। ਘਰ ਦੇ ਦਰਵਾਜ਼ੇ 'ਤੇ ਹੀ ਉਹਨੇ ਆਪਣਾ ਰਵਾਇਤੀ ਢੰਗ ਦਾ ਕਾਰਖਾਨਾ ਬਣਾਇਆ ਹੋਇਆ ਸੀ।ਇਕ ਭੱਠੀ ਸੀ, ਇਹਦੇ ਨਾਲ ਹੱਥ ਨਾਲ ਚੱਲਣ ਵਾਲੀ ਧੌਂਕਣੀ ਲਾਈ ਹੋਈ ਸੀ। ਕੋਲ ਹੀ ਇਕ ਅਹਿਰਨ ਰੱਖੀ ਹੋਈ ਸੀ। ਗਰਮ ਲੋਹੇ ਨੂੰ ਚੁੱਕਣ ਵਾਲੇ ਜੰਮੂਰ, ਸੰਨ੍ਹੀ ਆਦਿ ਔਜ਼ਾਰਾਂ ਤੋਂ ਬਿਨਾਂ ਵਦਾਣ, ਹਥੌੜਾ ਤੇ ਹਥੌੜੀਆਂ ਆਦਿ ਦਾ ਪਿਤਾ-ਪੁਰਖੀ ਭੰਡਾਰ ਉਹਦੇ ਕੋਲ ਮੌਜੂਦ ਸੀ। ਲੋਹੇ ਦੇ ਕੰਮ ਨੂੰ ਉਹ ਪਹਿਲ ਦਿੰਦਾ ਸੀ। ਲੋਹੇ ਨੂੰ ਭੱਠੀ ਵਿੱਚ ਲਾਲ ਕਰਨ ਤੇ ਫਿਰ ਅਹਿਰਨ ਉੱਤੇ ਰੱਖ ਕੇ ਤਲਪਣ ਦੇ ਕੰਮ ਵਿਚੋਂ ਜਿਵੇਂ ਉਹਨੂੰ ਅਨੋਖਾ ਅਨੰਦ ਮਿਲਦਾ ਸੀ। ਪਾਣੀ ਪਾ ਕੇ ਲੋਹੇ ਨੂੰ ਠਾਰਦਾ ਤਾਂ ਤਪਦੇ ਲੋਹੇ 'ਚੋਂ ਜਿਹੜੀ ਸਾਂ-ਸਾਂ ਦੀ ਆਵਾਜ਼ ਆਉਂਦੀ ਉਹ ਵੀ ਉਹਦੀ ਖੁਸ਼ੀ ਦਾ ਹਿੱਸਾ ਬਣਦੀ।ਲੋਹੇ ਦਾ ਬਹੁਤ ਥੋੜ੍ਹਾ ਕੰਮ ਹੀ ਹੁਣ ਉਹਦੇ ਕਾਰਖਾਨੇ 'ਤੇ ਆਉਂਦਾ ਸੀ, ਪਰ ਜਿੰਨਾ ਵੀ ਆਉਂਦਾ ਸੀ, ਉਹਨੂੰ ਨਿਬੇੜ ਕੇ ਉਹ ਤਰਖਾਣਾ ਕੰਮ ਕਰਦਾ ਸੀ। ਮੰਜੀਆਂ, ਪੀੜ੍ਹੀਆਂ ਠੋਕਦਾ ਸੀ, ਮਾਲ ਡੰਗਰ ਲਈ ਕੀਲੇ ਘੜ੍ਹਦਾ ਸੀ, ਤੇਸਾ-ਰੰਦਾ ਚਲਾਉਂਦਾ ਸੀ। ਤਰਖਾਣਾ ਕੰਮ ਵੀ ਹੁਣ ਉਹਦੇ ਕਾਰਖਾਨੇ ਆਉਣੋਂ ਘਟ ਗਿਆ ਸੀ। ਨਰੈਣ ਨੂੰ ਇਸ ਤਬਦੀਲੀ ਦਾ ਕੋਈ ਅਫ਼ਸੋਸ ਨਹੀਂ ਸੀ।ਅਫ਼ਸੋਸ ਹੁੰਦਾ ਵੀ ਕਿਉਂ ਉਹਦੇ ਆਵਦੇ ਮੁੰਡਿਆਂ ਨੇ ਵੀ ਤਾਂ ਨੇੜਲੇ ਸ਼ਹਿਰ ਜਾ ਕੇ ਖਰਾਦ ਲਾ ਲਏ ਸਨ।ਚੰਗੀ ਕਮਾਈ ਕਰ ਰਹੇ ਸਨ, ਪਿੱਛੇ ਜਿਹੇ ਹੀ ਮੁੰਡਿਆਂ ਨੇ ਕੋਠੀ ਬਣਾਈ ਸੀ ਤੇ ਕੋਠੀ ਉੱਪਰ ਬੜੇ ਮਾਣ ਨਾਲ 'ਮਠਾੜੂ ਨਿਵਾਸ' ਦੀ ਤਖ਼ਤੀ ਲਿਖਵਾਈ ਸੀ।

ਸ਼ਹਿਰ ਜਾ ਵਸੇ ਦੋਵਾਂ ਮੁੰਡਿਆਂ ਤੋਂ ਇਲਾਵਾ ਨਰੈਣੇ ਦੀ ਇਕ ਕੁੜੀ ਸੀ, ਮੁੰਡਿਆਂ ਦਾ ਕਾਰੋਬਾਰ ਖੇਤੀਬਾੜੀ ਦੀ ਨਵੀਂ ਮਸ਼ੀਨਰੀ ਨੇ ਦਿਨਾਂ 'ਚ ਹੀ ਚੜ੍ਹਾ ਦਿੱਤਾ ਸੀ। ਦੋਵੇਂ ਇੱਕੋ ਘਰੇ ਵਿਆਹੇ ਹੋਏ ਸਨ, ਭੈਣਾਂ ਦੀ ਚੰਗੀ ਨਿਭਦੀ ਸੀ। ਕੋਠੀ ਵੀ ਸਾਂਝੀ ਪਾਈ ਸੀ।ਦੋਵੇਂ ਘਰ-ਪਰਿਵਾਰ ਵਿੱਚ ਪੂਰੀ ਤਰ੍ਹਾਂ ਮਗਨ ਸਨ। ਕੁੜੀ ਦੇ ਵਿਆਹ ਦਾ ਉਨ੍ਹਾਂ ਨੂੰ ਕੋਈ ਫ਼ਿਕਰ ਨਹੀਂ ਸੀ, ਨਾ ਹੀ ਨਰੈਣੇ ਨੇ ਉਨ੍ਹਾਂ ਨੂੰ ਕਦੇ ਫ਼ਿਕਰ ਕਰਨ ਲਈ ਕਿਹਾ ਸੀ, "ਆਪਣੇ ਕੰਮ ਦਾ ਫ਼ਿਕਰ ਕਰੋ, ਕੰਮ ਦਾ, ਕੰਮ ਦੀ ਈ ਕਦਰ ਐ ਅੱਜਕੱਲ੍ਹ" ਉਹ ਹਮੇਸ਼ਾ ਮੁੰਡਿਆਂ ਨੂੰ ਇਹੋ ਨਸੀਹਤ ਹੀ ਦਿੰਦਾ।ਨਰੈਣਾ ਤਾਂ ਮੁੰਡਿਆਂ ਕੋਲ ਕੁੜੀ ਦੇ ਵਿਆਹ ਦਾ ਵੇਰਵਾ ਵੀ ਨਹੀਂ ਸੀ ਪਾਉਂਦਾ।

ਰੰਗ-ਰੂਪ ਤੇ ਕੱਦ-ਕਾਠ ਵਲੋਂ ਨਰੈਣੇ ਦੀ ਕੁੜੀ ਦਰਮਿਆਨੀ ਤੋਂ ਜ਼ਰਾ ਕੁ ਹੇਠਲੇ ਦਰਜ਼ੇ ਦੀ ਸੀ। ਸਵੇਰੇ ਮਾਵਾਂ-ਧੀਆਂ ਝਾੜੂ-ਬਹੁਕਰ ਦਾ ਕੰਮ ਕਰਦੀਆਂ, ਨਰੈਣੇ ਦੇ ਕਾਰਖਾਨੇ ਦੀ ਸਫ਼ਾਈ ਕਰਕੇ ਪਾਣੀ ਛਿੜਕ ਜਾਂਦੀਆਂ, ਫਿਰ ਸਾਰਾ ਦਿਨ ਨਰੈਣਾ ਕੋਈ ਨਾ ਕੋਈ ਕੰਮ ਧੰਦਾ ਕਰਦਾ, ਆਪਣੇ ਸੇਪੀ ਵਾਲੇ ਘਰਾਂ 'ਚੋਂ ਕੋਈ ਨਾ ਕੋਈ ਕੰਮ ਉਹਨੂੰ ਆਇਆ ਰਹਿੰਦਾ ਸੀ। ਗਰਮੀਆਂ 'ਚ ਸਵੇਰ ਸਮੇਂ ਤੇ ਸਰਦੀਆਂ 'ਚ ਸ਼ਾਮ ਨੂੰ ਉਹ ਰੇਹੜੀ ਜੋੜ ਪੱਠਿਆਂ ਨੂੰ ਜਾਂਦਾ।ਪੱਠਿਆਂ ਨੂੰ ਜਾਣ ਲੱਗਾ ਉਹ ਘਰਵਾਲੀ ਸੁਰਜੀਤ ਕੁਰ ਤੇ ਕੁੜੀ ਦੀਪੋ ਨੂੰ ਵੀ ਨਾਲ ਹੀ ਲੈ ਜਾਂਦਾ।

ਨਰੈਣਾ ਫ਼ਿਰੋਜ਼ਪੁਰ ਜ਼ਿਲ੍ਹੇ 'ਚ ਪੈਂਦੇ ਮੇਰੇ ਸਹੁਰਿਆਂ ਦੇ ਪਿੰਡੋਂ ਸੀ। ਮੇਰੇ ਸਹੁਰਾ ਪਰਿਵਾਰ ਨਾਲ ਉਹਦਾ ਚੰਗਾ ਸਹਿਚਾਰ ਸੀ। ਇਸ ਸਹਿਚਾਰ ਕਾਰਨ ਮੇਰੀ ਉਹਦੇ ਨਾਲ ਗੂੜ੍ਹੀ ਨੇੜਤਾ ਹੋ ਗਈ ਸੀ। ਉਹ ਮੈਨੂੰ ਜਵਾਈ-ਭਾਈ ਵਾਲਾ ਮਾਣ ਦੇਣ ਵਿੱਚ ਕੋਈ ਕਸਰ ਬਾਕੀ ਨਹੀਂ ਸੀ ਛੱਡਦਾ।ਮੈਂ ਸਹੁਰੇ ਜਾਂਦਾ ਤਾਂ ਸ਼ਾਮ ਨੂੰ ਜ਼ਰਾ ਮਟਰ-ਗਸ਼ਤੀ ਲਈ ਖੇਤਾਂ ਵੱਲ ਨਿਕਲਦਾ ਤਾਂ ਉਹਦੇ ਘਰ ਅੱਗੋਂ ਦੀ ਲੰਘਣਾ ਪੈਂਦਾ ਸੀ।ਨਰੈਣਾ ਮੇਰਾ ਰਾਹ ਰੋਕ ਲੈਂਦਾ।ਬਾਹੋਂ ਫੜ ਕਾਰਖਾਨੇ ਵੱਲ ਕਰ ਲੈਂਦਾ, ਪਿੱਛੇ ਪਈ ਲੋਹੇ ਦੀ ਕੁਰਸੀ ਮੇਰੇ ਅੱਗੇ ਸਰਕਾ ਦਿੰਦਾ। ਬੜੇ ਨਿੱਘ ਨਾਲ ਗੱਲਾਂ ਬਾਤਾਂ ਕਰਦਾ ਉਹ ਮੇਰੇ ਜ਼ਿਲ੍ਹੇ ਦੀਆਂ ਗੱਲਾਂ 'ਤੇ ਧਿਆਨ ਧਰਦਾ ਦਿਖਾਈ ਦਿੰਦਾ ਤੇ ਮੁੜ-ਮੁੜ ਅਜਿਹੇ ਸਵਾਲ ਕਰਦਾ ਜਿਨ੍ਹਾਂ ਰਾਹੀਂ ਉਹ ਫ਼ਿਰੋਜ਼ਪੁਰ ਤੇ ਲੁਧਿਆਣੇ ਜ਼ਿਲ੍ਹੇ ਦਾ ਟਾਕਰਾ ਕਰ ਸਕਦਾ।

"ਓਧਰ ਤੁਹਾਡੇ ਜ਼ਿਲ੍ਹੇ 'ਚ ਤਾਂ ਪ੍ਰਾਹੁਣਿਆ, ਮੈਂ ਸੁਣਿਐ, ਨਹਿਰੀ ਪਾਣੀ ਦਾ ਕੋਈ ਖਿਆਲ ਈ 'ਨੀਂ ਕਰਦਾ।"

"ਹਾਂ ਬਾਈ ਜੀ, ਉਥੇ ਟਿਊਬਵੈੱਲ ਸੌਖਾ ਲੱਗ ਜਾਂਦੈ ਤੇ ਸਸਤਾ ਵੀ।"

"ਜ਼ਮੀਨ ਹੇਠਲਾ ਪਾਣੀ ਵੀ ਓਧਰ ਸੁਣਿਐ ਮਿੱਠਾ ਤੇ ਚੰਗੈ, ਏਧਰ ਵਾਂਗੂੰ ਖਾਰਾ ਨਹੀਂ।"

"ਠੀਕ ਸੁਣਿਆ ਬਾਈ ਜੀ।"

"ਨਹੀਂ ਰੀਸਾਂ ਬਾਈ ਲੁਧਿਆਣਾ ਜ਼ਿਲ੍ਹੇ ਦੀਆਂ।"

ਤੇ ਫਿਰ ਉਹ, ਜਿੰਨਾ ਚਿਰ ਮੈਂ ਉਹਦੇ ਕੋਲ ਬੈਠਾ ਰਹਿੰਦਾ, ਸਿਫ਼ਤਾਂ ਦੀ ਲੜੀ ਟੁੱਟਣ ਨਾ ਦਿੰਦਾ।

"ਲੋਕ ਵੀ ਬਹੁਤ ਪੜ੍ਹੇ-ਲਿਖੇ ਐ ਬਈ ਤੁਹਾਡੇ ਜ਼ਿਲ੍ਹੇ ਦੇ ਪ੍ਰਹੁਣਿਆ।"

"ਲੋਕ ਤਾਂ ਸਭ ਥਾਂਈਂ ਰਲ਼ੇ-ਮਿਲੇ ਹੀ ਹੁੰਦੇ ਆ ਬਾਈ ਜੀ, ਪੜ੍ਹੇ-ਲਿਖੇ ਵੀ ਤੇ ਅਨਪੜ੍ਹ ਵੀ।"

ਮੈਂ ਨਰੈਣੇ ਨੂੰ ਆਪਣੇ ਪਿੰਡ ਦੇ ਸੰਤੇ ਦੀਆਂ ਗੱਲਾਂ ਸੁਣਾਉਂਦਾ ਰਹਿੰਦਾ ਸੀ, ਜੋ ਆਪ ਤਾਂ ਕੋਰਾ ਅਨਪੜ੍ਹ ਹੈ ਹੀ ਸੀ, ਨਾਲ ਹੀ ਪੜ੍ਹੇ-ਲਿਖੇ ਲੋਕਾਂ ਨੂੰ ਟਿੱਚਰਾਂ ਵੀ ਕਰਦਾ ਰਹਿੰਦਾ ਸੀ। ਕੋਈ ਪਾੜ੍ਹਾ ਮਿਲਦਾ ਤਾਂ ਉਹਨੂੰ ਘੇਰ ਕੇ ਪੁੱਛਦਾ, "ਕੈਮੀਂ 'ਚ ਪੜ੍ਹਦੈਂ?"

ਪਾੜ੍ਹਾ ਦੱਸਦਾ, "ਤਾਇਆ ਛੇਵੀਂ 'ਚ।"

ਸੰਤਾ ਕਹਿੰਦਾ, "ਲੈ ਫਿਰ ਇਹ ਅੱਖਰ ਪੜ੍ਹ ਕੇ ਦੱਸ।"

ਉਹ ਡੱਕਾ ਲੈ ਕੇ ਜ਼ਮੀਨ ਉੱਪਰ ਖੜ੍ਹਵੇਂ ਦਾਅ ਵਿੰਗ-ਤੜਿੰਗੀ ਵਲੇਵੇਂ ਖਾਂਦੀ ਲਕੀਰ ਖਿੱਚ ਦਿੰਦਾ, "ਲੈ ਦੱਸ ਬਈ ਪਾੜ੍ਹਿਆ, ਆਹ ਕੀ ਲਿਖਿਐ?"

ਪਾੜ੍ਹਾ ਦੇਖਦਾ, ਉਲਝਦਾ ਤੇ ਫੇਰ ਹੱਥ ਖੜ੍ਹੇ ਕਰ ਦਿੰਦਾ, "ਪਤਾ 'ਨੀਂ ਤਾਇਆ, ਸਾਡੀਆਂ ਕਿਤਾਬਾਂ 'ਚ ਤਾਂ ਇਹ ਪੜ੍ਹਾਈ ਹੈ 'ਨੀਂ।"

"ਬਸ, ਲਾ ਲਿਆ ਜ਼ੋਰ!ਇਹ ਬਲਦ ਮੂਤਣਾ ਹੈ ਬਲਦ ਮੂਤਣਾ, ਵੱਡੇ ਪੜ੍ਹਾਕੂ ਬਣੇ ਫਿਰਦੇ ਆ!"

ਪਰ ਮੈਂ ਦੇਖਿਆ, ਨਰੈਣਾ ਇਨ੍ਹਾਂ ਗੱਲਾਂ ਨੂੰ ਅਣਸੁਣੀਆਂ ਹੀ ਕਰ ਛੱਡਦਾ ਸੀ।

ਸੰਤੇ ਦੇ ਹਵਾਲੇ ਨਾਲ ਮੈਂ ਉਹਨੂੰ ਇਕ ਗੱਲ ਇਹ ਵੀ ਸੁਣਾਈ।

ਮੇਰੇ ਪਿੰਡ ਦਾ ਜ਼ਿਮੀਂਦਾਰਾਂ ਦੇ ਪਰਿਵਾਰ ਵਿਚੋਂ ਮੋਹਨ ਸਿੰਘ ਇਕ ਲੰਮਾ ਅਰਸਾ ਇੰਗਲੈਂਡ ਵਿਚ ਰਿਹਾ ਸੀ। ਉਥੇ ਉਹ ਬੀ.ਬੀ.ਸੀ. 'ਚ ਕੰਮ ਕਰਦਾ ਸੀ। ਉਹਨੇ ਇੰਗਲੈਂਡ ਦੀ ਜੀਵਨ ਸ਼ੈਲੀ ਨੂੰ ਪੂਰੀ ਤਰ੍ਹਾਂ ਅਪਣਾਇਆ ਹੋਇਆ ਸੀ। ਪਿਛਲੀ ਉਮਰੇ ਪਿੰਡ ਦਾ ਹੇਜ ਜਾਗਿਆ। ਪੱਕੀ ਰਿਹਾਇਸ਼ ਉਹਨੇ ਪਿੰਡ ਦੇ ਨੇੜਲੇ ਕਸਬੇ ਵਿੱਚ ਰੱਖੀ।ਦਿਨ ਵੇਲੇ ਉਹ ਪਿੰਡ ਆ ਜਾਂਦਾ, ਆਪਣੇ ਭਾਈਚਾਰੇ ਨਾਲ ਦਿਨ ਗੁਜ਼ਾਰ ਕੇ ਸ਼ਾਮ ਨੂੰ ਬੱਸ ਜਾਂ ਟੈਂਪੂ ਬਹਿ ਉਹ ਕਸਬੇ ਨੂੰ ਪਰਤ ਜਾਂਦਾ।ਇਕ ਦਿਨ ਸੰਤੇ ਨੇ ਸਾਧਨ ਦੀ ਉਡੀਕ ਕਰਦੇ ਮੋਹਨ ਸਿੰਘ ਨੂੰ

ਬੱਸ ਅੱਡੇ 'ਤੇ ਆ ਘੇਰਿਆ।ਉਹ ਉਹਦੀ ਦਿੱਖ ਬਾਰੇ ਬੜੀਆਂ ਮਖ਼ੌਲੀਆ ਟਿੱਪਣੀਆਂ ਕਰਦਾ ਰਿਹਾ।ਮੋਹਨ ਸਿੰਘ ਨੇ ਸ਼ਹਿਣਸ਼ੀਲਤਾ ਬਣਾਈ ਰੱਖੀ, ਜ਼ਿਆਦਾ ਪ੍ਰਤੀਕਰਮ ਨਹੀਂ ਦਿਖਾਏ।ਪਰ ਜਦੋਂ ਸੰਤੇ ਨੇ ਆਪਣੇ ਸ਼ਬਦੀ ਬਾਣ ਜਾਰੀ ਰੱਖਦਿਆਂ, ਉਹਦੀ ਸਫ਼ਾਚੱਟ ਦਾਹੜੀ ਵੱਲ ਇਸ਼ਾਰਾ ਕਰਦਿਆਂ ਕਿਹਾ, "ਤੈਨੂੰ ਮੋਹਨ ਸਿੰਘ ਕੌਣ ਕਹਿ ਦਊ? ਤੈਨੂੰ ਤਾਂ ਮੋਹਨੀ ਕਹਿਣਾ ਚਾਹੀਦਾ, ਮੋਹਨੀ!" ਸੰਤੇ ਨੇ ਮੋਹਨੀ ਸ਼ਬਦ ਚੱਬ ਕੇ ਕਿਹਾ ਤਾਂ ਮੋਹਨ ਸਿੰਘ ਵੀ ਸਿੱਧਾ ਹੋ ਗਿਆ, ਕਹਿਣ ਲੱਗਾ, "ਬਾਣੇ ਨੂੰ ਛੱਡ ਸੰਤਿਆ! ਜੇ ਪਿਉ ਦਾ ਪੁੱਤ ਐਂ ਤਾਂ ਬਾਣੀ ਦੀ ਗੱਲ ਕਰ, ਮੈਂ ਕਰਾਂ ਬਾਣੀ 'ਚੋਂ ਸਵਾਲ?" ਸੰਤੇ ਨੂੰ ਬਾਣੀ ਬਾਰੇ ਆਪਣੇ ਅਗਿਆਨ ਦਾ ਪੂਰਾ ਪਤਾ ਸੀ, ਉਹ ਉਥੋਂ ਟਲ਼ ਗਿਆ।

ਨਰੈਣੇ ਨੇ ਮੇਰੀ ਇਸ ਗੱਲ ਵੱਲ ਵੀ ਕੋਈ ਧਿਆਨ ਨਾ ਦਿੱਤਾ।

ਉਹ ਇਹੋ ਗੱਲ ਆਖਦਾ, "ਪ੍ਰਹੁਣਿਆ, ਨਹੀਂ ਰੀਸਾਂ ਲੁਧਿਆਣੇ ਜ਼ਿਲ੍ਹੇ ਦੀਆਂ।"

ਤੇ ਫਿਰ ਇਕ ਦਿਨ ਨਰੈਣੇ ਨੇ ਮਨ ਦੀ ਗੱਲ ਦੱਸੀ। ਇਕ ਫੇਰੀ ਦੌਰਾਨ ਉਹਨੇ ਕਿਹਾ;

"ਪ੍ਰਹੁਣਿਆ, ਮੈਂ ਚਾਹੁੰਨੈ ਤੂੰ ਆਪਣੀ ਦੀਪੋ ਦਾ ਸਾਕ ਆਪਣੇ ਜਿਲ੍ਹੇ 'ਚ ਲੈ ਜਾ, ਦੇਖੀਂ ਕੋਈ ਮੁੰਡਾ ਆਪਣੇ ਪਿੰਡ, ਖ਼ਿਆਲ ਰੱਖੀਂ।ਤੇਰੀ ਭਾਬੀ ਦੀ ਵੀ ਇਹੋ ਇੱਛਾ ਹੈ। ਮੁੰਡਿਆਂ ਵਾਂਗੂੰ ਇਹ ਨਹੀਂ ਗੰਗਾਨਗਰ ਵੱਲ ਵਿਆਹੁਣੀ।"

"ਜ਼ਰੂਰ ਖ਼ਿਆਲ ਰੱਖਾਂਗਾ ਬਾਈ ਜੀ।" ਮੇਰੇ ਹਾਮੀ ਭਰਨ 'ਤੇ ਉਹ ਖੁਸ਼ ਹੋ ਗਿਆ ਤੇ ਇਸੇ ਖੁਸ਼ੀ 'ਚ ਮੈਨੂੰ ਜ਼ਰਾ ਹੋਰ ਰੁਕਣ ਲਈ ਕਹਿ ਕੇ, ਅੰਦਰੋਂ ਰੰਮ ਦਾ ਪੈੱਗ ਬਣਾ ਲਿਆਇਆ।

ਘਰ ਆ ਕੇ ਮੈਂ ਪਤਨੀ ਨਾਲ ਦੀਪੋ ਦੇ ਰਿਸ਼ਤੇ ਬਾਰੇ ਨਰੈਣੇ ਨਾਲ ਹੋਈ ਗੱਲ ਕੀਤੀ। ਉਹਨੇ ਲੱਤ ਨਾ ਲਾਈ। ਆਖਣ ਲੱਗੀ, "ਐਹੋ ਜਿਹੇ ਕੰਮ 'ਚ ਮਗਰੋਂ ਫਿੱਕ ਪੈ ਜਾਂਦੈ। ਜੇ ਕੋਈ ਉਲਾਂਭੇ ਵਾਲੀ ਗੱਲ ਹੋ ਗਈ, ਮੈਂ ਤਾਂ ਪੇਕਿਆਂ ਵੱਲੋਂ ਵੀ ਜਾਊਂ, ਤੁਸੀਂ ਚੁੱਪ ਹੀ ਕਰ ਰਹੋ।"

ਸਹੁਰਿਆਂ ਤੋਂ ਪਰਤ ਕੇ ਇਹੋ ਗੱਲ ਮੈਂ ਆਪਣੀ ਮਾਂ ਨਾਲ ਕੀਤੀ। ਉਹ ਸੁਣਦਿਆਂ ਸਾਰ ਹੀ ਰਿਸ਼ਤਾ ਕਰਵਾਉਣ ਲਈ ਉਤਾਵਲੀ ਹੋ ਗਈ। ਮੇਰੀ ਪਤਨੀ ਨੇ ਜ਼ਰਾ ਸਖ਼ਤੀ ਨਾਲ ਮਾਂ ਨੂੰ ਇਸ ਕੰਮ ਤੋਂ ਪਿੱਛੇ ਹਟਣ ਲਈ ਕਿਹਾ, "ਮਾਤਾ, ਕੀ ਲੈਣਾ ਇਹੋ ਜਿਹੇ ਕੰਮ 'ਚੋਂ, ਮੇਰੇ ਤੋਂ 'ਨੀਂ ਚੁੱਕ ਹੋਣੀ ਇਹ ਜ਼ੁੰਮੇਵਾਰੀ, ਨਾਲੇ ਮਾਤਾ, ਆਪਾਂ ਕਿੱਥੋਂ ਮੁੰਡਾ ਲੱਭਦੇ ਫਿਰਾਂਗੇ।"

"ਲੈ ਲੱਭਣ ਕਿੱਥੋਂ ਜਾਣੈ, ਸਤਬੀਰ ਦਾ ਮੁੰਡਾ ਹੈ ਤਾਂ ਸਹੀ।"

"ਪਹਿਲੀ ਗੱਲ ਤਾਂ ਇਹ ਮੁੰਡਾ ਕੁੜੀ ਤੋਂ ਉਮਰ 'ਚ ਛੋਟਾ ਐ, ਦੂਜੀ ਗੱਲ, ਮੁੰਡੇ 'ਚ ਬੱਜ ਐ, ਉਹਦੀ ਇਕ ਅੱਖ...।" ਨੂੰਹ ਨੇ ਸੱਸ ਨੂੰ ਫਿਰ ਨਿਰਉਤਸ਼ਾਹਿਤ ਕਰਨ ਦਾ ਯਤਨ ਕੀਤਾ।ਪਰ ਐਤਕੀਂ ਮਾਂ ਸਖ਼ਤ ਹੋ ਗਈ। ਕਹਿੰਦੀ, "ਤੂੰ ਉਨ੍ਹਾਂ ਨੂੰ ਸੱਦ ਕੇ ਮੁੰਡਾ ਤਾਂ ਦਿਖਾ, ਨਾ ਪਸੰਦ ਆਊ ਜਵਾਬ ਦੇ ਦੇਣਗੇ, ਆਪਾਂ ਕੋਈ ਧੱਕੇ ਨਾਲ ਰਿਸ਼ਤਾ ਕਰਵਾਉਣੈ?"

ਆਪਣੀ ਸੱਸ ਦੇ ਆਦੇਸ਼ ਦਾ ਪਾਲਣ ਕਰਦਿਆਂ ਪਤਨੀ ਨੇ ਨਰੈਣੇ ਨੂੰ ਮੁੰਡਾ ਦੇਖਣ ਲਈ ਆਉਣ ਦਾ ਸੁਨੇਹਾ ਭੇਜ ਦਿੱਤਾ।ਤਾਕੀਦ ਕੀਤੀ ਕਿ ਨਰੈਣਾ ਬਾਈ ਲਾਮ ਬੰਨ੍ਹ ਕੇ ਨਾ ਆਵੇ, ਬਸ ਆਪਣੇ ਨਾਲ ਆਪਣੇ ਇਕ-ਦੋ ਖਾਸਮਖਾਸ ਬੰਦਿਆਂ ਨੂੰ ਹੀ ਲੈ ਕੇ ਆਵੇ।ਨਰੈਣੇ ਦਾ ਜਵਾਬ ਆਇਆ, "ਮੈਂ ਤੇ ਮੁੰਡਾ ਜੋਗਿੰਦਰ ਸਿਓਂ ਹੀ ਆਵਾਂਗੇ, ਬਾਕੀ ਖਾਸਮਖਾਸ ਸਾਡਾ ਪ੍ਰਹਣਾ ਜਿਉਂ ਐਥੇ ਬੈਠਾ, ਉਹਤੋਂ ਖਾਸ ਹੋਰ ਕਿਹੜਾ ਹੋ ਸਕਦੈ!" ਨਰੈਣੇ ਦੇ ਇਸ ਜਵਾਬ ਨਾਲ ਮੇਰੇ ਉੱਤੇ ਹੋਰ ਵੱਡੀ ਜ਼ੁੰਮੇਵਾਰੀ ਆਣ ਪਈ। ਮੈਨੂੰ ਮਹਿਸੂਸ ਹੋ ਰਿਹਾ ਸੀ ਕਿ ਦੇਖ-ਦਿਖਾਈ ਵਾਲੇ ਦਿਨ ਹੀ ਮੈਨੂੰ ਨਰੈਣੇ ਦੀ ਨਰਾਜ਼ਗੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਮੈਨੂੰ ਜਾਪਿਆ ਜਿਵੇਂ ਨਰੈਣਾ ਮੇਰੇ ਸਾਹਮਣੇ ਖੜ੍ਹਾ ਕਹਿ ਰਿਹਾ ਹੋਵੇ,"ਪ੍ਰਹੁਣਿਆ, ਕੁਝ ਤਾਂ ਸੋਚ ਲੈਂਦਾ।" ਫਿਰ ਮੈਂ ਇਹ ਸੋਚਕੇ ਮਨ ਨੂੰ ਧਰਵਾਸ ਦੇਣ ਦੀ ਕੋਸ਼ਿਸ਼ ਕੀਤੀ, "ਹੁਣ ਮੋਹਲਿਆਂ ਤੋਂ ਕੀ ਡਰਨੈ, ਦੇਖੀ ਜਾਊ ਜੋ ਹੋਊ।"

ਨਿਸ਼ਚਿਤ ਦਿਨ ਨਰੈਣਾ ਆਪਣੇ ਮੁੰਡੇ ਤੇ ਮੇਰੀ ਸੱਸ ਨੂੰ ਲੈ ਕੇ ਆ ਪਹੁੰਚਿਆ। ਬਰਫ਼ੀ, ਨਮਕੀਨ ਨਾਲ ਉਨ੍ਹਾਂ ਦੀ ਸੋਹਣੀ ਸੇਵਾ ਕੀਤੀ ਗਈ। ਮੁੰਡੇ ਨੂੰ ਅੱਗੇ ਪੇਸ਼ ਹੋਣ ਤੋਂ ਪਹਿਲਾਂ ਮੇਰੀ ਮਾਂ ਨੇ ਕੁਝ ਹਦਾਇਤਾਂ ਦਿੱਤੀਆਂ।ਮੈਂ ਇਨ੍ਹਾਂ ਹਦਾਇਤਾਂ ਦੇ ਪੱਖ ਵਿੱਚ ਨਹੀਂ ਸਾਂ।ਇਨ੍ਹਾਂ ਹਦਾਇਤਾਂ ਦਾ ਮਕਸਦ ਮੁੰਡੇ ਦੇ ਬੱਜ ਨੂੰ ਲੁਕਾਉਣਾ ਸੀ। ਮੈਂ ਚਾਹੁੰਦਾ ਸਾਂ ਸਭ ਕੁਝ ਪ੍ਰਤੱਖ ਸਾਹਮਣੇ ਆਉਣ ਦਿਉ ਤਾਂ ਕਿ ਕੱਲ੍ਹ ਨੂੰ ਕੋਈ ਉਲਾਂਭਾ ਨਾ ਆਵੇ ਕਿ ਪ੍ਰਹੁਣੇ ਨੇ ਓਹਲਾ ਰੱਖਿਆ।ਚਾਹ-ਪਾਣੀ ਮਗਰੋਂ ਸਤਬੀਰ ਨੇ ਆਪਣੇ ਲੜਕੇ ਹਰਪਾਲ ਨੂੰ ਨਰੈਣੇ ਹੁਰਾਂ ਦੇ ਸਨਮੁੱਖ ਪੇਸ਼ ਕੀਤਾ।ਮੁੰਡਾ ਹਲਕੀ ਜਿਹੀ ਸੰਗ ਤੇ ਝਿਜਕ ਦੇ ਭਾਵ ਨਾਲ ਪੇਸ਼ ਹੋਇਆ। ਮੈਂ ਦੇਖਿਆ ਉਹ ਆਪਣੀ ਅੱਖ ਦੇ ਨੁਕਸ ਨੂੰ ਛੁਪਾਉਣ ਦੇ ਮਾਮਲੇ ਵਿੱਚ ਬੇਬੱਸ ਸੀ।ਉਹ ਨਰੈਣੇ ਵੱਲੋਂ ਪੁੱਛੇ ਸਵਾਲਾਂ ਕਿ 'ਕੀ ਕੰਮ ਕਰਦੈਂ?' 'ਕਿੰਨੀ ਕੁ ਕਮਾਈ ਹੋ ਜਾਂਦੀ ਐ?' 'ਕਿੰਨਾ ਕੁ ਕੰਮ ਮਿਲ ਜਾਂਦੈ?' ਦੇ ਸੰਖੇਪ ਜਵਾਬ ਦਿੰਦਾ ਰਿਹਾ।ਵਿਚ-ਵਿਚ ਸਵਾਲਾਂ ਦੇ ਜਵਾਬ ਦੇਣ 'ਚ ਮੁੰਡੇ ਦੀ ਮਾਂ ਤੇ ਪਿਉ ਵੱਲੋਂ ਵੀ ਮੱਦਦ ਕੀਤੀ ਗਈ।ਮੇਰੇ, ਮੇਰੀ ਮਾਂ ਤੇ ਮੇਰੀ

ਪਤਨੀ, ਇਥੋਂ ਤੱਕ ਕਿ ਮੇਰੀ ਸੱਸ ਲਈ ਵੀ ਇਹ ਗੱਲਾਂ ਬੇਮਾਅਨੀ ਸਨ। ਸਾਡਾ ਸਾਰਾ ਧਿਆਨ ਹਰਪਾਲ ਦੀ ਅੱਖ ਵੱਲ ਸੀ।

ਸਤਬੀਰ ਦੇ ਘਰੋਂ ਵਾਪਸ ਆਏ ਤਾਂ ਸਭ ਨੂੰ ਉਮੀਦ ਸੀ ਕਿ ਨਰੈਣਾ ਸਿੱਧਾ ਜਵਾਬ ਭਾਵੇਂ ਨਾ ਦੇਵੇ, ਟਾਲ਼-ਮਟੋਲ ਜ਼ਰੂਰ ਕਰੇਗਾ। ਪਰ ਨਰੈਣੇ ਨੇ ਤਾਂ ਖੁੱਲ੍ਹ ਕੇ ਆਖ ਦਿੱਤਾ, "ਮੁੰਡਾ ਸਾਡੇ ਪਸੰਦ ਆ, ਕੁੜੀ ਤੇ ਸਾਡੇ ਘਰ ਬਾਰੇ ਉਹ ਤਸੱਲੀ ਕਰ ਲੈਣ, ਤਸੱਲੀ ਹੋ ਗਈ ਤਾਂ ਲੜਕੀ ਦੇਖਣ ਦਾ ਪ੍ਰੋਗਰਾਮ ਬਣਾ ਲੈਣ।" ਮੇਰੀ ਪਤਨੀ ਨੂੰ ਮੁੰਡੇ ਦੇ ਪਸੰਦ ਆ ਜਾਣ ਬਾਰੇ ਜਿਵੇਂ ਹਾਲੇ ਵੀ ਕੋਈ ਅੱਚਵੀ ਜਿਹੀ ਲੱਗੀ ਹੋਈ ਸੀ।ਉਹ ਵਾਰ-ਵਾਰ ਨਰੈਣੇ ਨੂੰ ਅੰਦਰੋਂ ਸਮਝਣ ਲਈ ਪੁੱਛ ਰਹੀ ਸੀ,

"ਬਾਈ ਜੀ, ਮੁੰਡਾ ਤੁਸੀਂ ਦੇਖ ਤਾਂ ਲਿਆ ਹੈ ਨਾ ਚੰਗੀ ਤਰ੍ਹਾਂ!"

"ਹਾਂ, ਹਾਂ, ਕੁੜੀਏ, ਮੁੰਡਾ ਦੇਖਣ ਈ ਤਾਂ ਆਏ ਆਂ ਅਸੀਂ! ਹੋਰ ਕੀ ਏਥੇ ਮਿੱਟੀ ਕੱਢਣ ਆਉਣਾ ਸੀ।"

ਫਿਰ ਮੇਰੀ ਪਤਨੀ ਨੇ ਜਿਵੇਂ ਬਾਈ ਨਰੈਣੇ ਨੂੰ ਆਖਰੀ ਸਵਾਲ ਕੀਤਾ। ਉਹਨੂੰ ਉਮੀਦ ਸੀ ਕਿ ਬਾਈ ਹੁਣ ਜ਼ਰੂਰ ਮੁੰਡੇ ਦੀ ਅੱਖ ਦਾ ਵੇਰਵਾ ਪਾਵੇਗਾ।

"ਬਾਈ ਦੱਸ ਫੇਰ ਕੀ ਦੇਖਿਆ ਮੁੰਡੇ ਦਾ ?"

"ਕੁੜੀਏ ਹੱਥ ਦੇਖ ਲਏ ਮੈਂ ਮੁੰਡੇ ਦੇ ਹੱਥ, ਕੁੜੀ ਭੁੱਖੀ 'ਨੀਂ ਮਰਨ ਲੱਗੀ!"

ਮੈਨੂੰ ਤੇ ਮੇਰੀ ਪਤਨੀ ਨੂੰ 'ਅੱਖ' ਦਾ ਤੌਖਲਾ ਵੱਢ-ਵੱਢ ਖਾਂਦਾ ਰਿਹਾ। ਨਰੈਣਾ 'ਹੱਥ' ਦੇਖ ਕੇ ਮੁੰਡਾ ਪਸੰਦ ਕਰ ਗਿਆ।

ਫਿਰ ਵੀ

"ਪਾਪਾ ਜੀ ਦੀ ਯਾਦ ਵਿੱਚ ਪਾਠ ਕਰਵਾ ਲਈਏ?" ਗੁਰਬਾਜ਼ ਨੇ ਛੋਟੇ ਗੁਰਲਾਭ ਨੂੰ ਪੁੱਛਿਆ।

"ਕਿਉਂ?" ਗੁਰਲਾਭ ਹੈਰਾਨ ਹੋ ਗਿਆ ਵੱਡੇ ਦੀ ਸਲਾਹ ਸੁਣ ਕੇ, ਉਹਦੇ ਸਵਾਲ ਦੇ ਜਵਾਬ ਵਿੱਚ ਉਹ ਜਿਵੇਂ ਖੁਦ ਹੀ ਸਾਰੇ ਦਾ ਸਾਰਾ ਸਵਾਲ ਬਣ ਗਿਆ ਹੋਵੇ।ਗੁਰਬਾਜ਼ ਖਾਮੋਸ਼ ਸੀ।ਗੁਰਲਾਭ ਨੇ ਸਵਾਲ ਦੁਹਰਾਇਆ, "ਕਿਉਂ?"

"ਕਿਉਂਕਿ, ਫਿਰ ਵੀ ਉਹ ਆਪਣਾ ਬਾਪ ਸੀ।"

ਦੋਵੇਂ ਭਰਾ ਤਕਰੀਬਨ ਤਿੰਨ ਸਾਲਾਂ ਮਗਰੋਂ ਘਰ ਪਰਤੇ ਸਨ।ਤਿੰਨ ਮਹੀਨੇ ਘਰ ਨੂੰ ਤਾਲਾ ਲੱਗਿਆ ਰਿਹਾ ਸੀ। ਜਾਪਦਾ ਨਹੀਂ ਸੀ ਕਿ ਇਹ ਤਾਲਾ ਕਦੇ ਖੁਲ੍ਹੇਗਾ। ਲੋਕੀ ਗੁਰਬਾਜ਼ ਤੇ ਗੁਰਲਾਭ ਦੀਆਂ ਗੱਲਾਂ ਕਰਨੋ ਵੀ ਹਟ ਗਏ ਸਨ।ਤਿੰਨ ਸਾਲਾਂ ਦੇ ਅਰਸੇ ਮਗਰੋਂ ਜਦੋਂ ਜੰਗਾਲ ਲੱਗਾ ਜਿੰਦਰਾ ਘਰ ਦੇ ਮਾਲਕ ਭਰਾਵਾਂ ਨੇ ਆ ਤੋੜਿਆ ਤਾਂ ਲੋਕਾਂ ਨੂੰ ਉਨ੍ਹਾਂ ਦੀ ਯਾਦ ਆਈ। ਪਿੱਠ ਪਿੱਛੇ ਉਹ ਉਨ੍ਹਾਂ ਬਾਰੇ ਪਤਾ ਨਹੀਂ ਕੀ ਕੀ ਗੱਲਾਂ ਕਰਦੇ ਹੋਣਗੇ, ਪਰ ਵੱਡੀ ਉਮਰ ਦੀਆਂ ਔਰਤਾਂ ਤੇ ਮਰਦ ਜਦ ਮਿਲਦੇ ਤਾਂ ਉਨ੍ਹਾਂ ਦਾ ਸਿਰ ਪਲੋਸਦੇ, ਹਾਲਚਾਲ ਪੁੱਛਦੇ, ਉਨ੍ਹਾਂ ਦੀ ਘਰ ਵਾਪਸੀ ਨੂੰ ਉਨ੍ਹਾਂ ਦਾ ਚੰਗਾ ਫੈਸਲਾ ਦੱਸਦੇ, "ਬੰਦਾ ਭਾਈਚਾਰੇ 'ਚ ਹੀ ਸੋਭਦੈ, ਜਿਵੇਂ ਨਗੀਨਾ ਮੁੰਦਰੀ 'ਚ ਜੜਿਆ ਹੀ ਜਚਦੈ।" ਅੱਗੋਂ ਦੋਵੇਂ ਭਾਈ 'ਹਾਂ ਜੀ' 'ਹਾਂ ਜੀ' ਕਹਿ ਛੱਡਦੇ।ਉਨ੍ਹਾਂ ਦੇ ਹਾਣੀ ਵੀ ਤਪਾਕ ਨਾਲ ਮਿਲਦੇ, ਉਨ੍ਹਾਂ ਦੇ ਭਵਿੱਖ ਦੀਆਂ ਯੋਜਨਾਵਾਂ ਬਾਰੇ ਰਸਮੀਂ ਤੌਰ 'ਤੇ ਪੁੱਛਦੇ।

"ਅਜੇ ਕੁਝ 'ਨੀਂ ਸੋਚਿਆ, ਅਜੇ ਤਾਂ ਸਾਰਾ ਘਰ ਗਰਦ ਨਾਲ ਅੱਟਿਆ ਪਿਆ, ਇਹਦਾ ਕੋਈ ਮੂੰਹ-ਮੱਥਾ ਬਣੂ ਤਾਂ ਸੋਚਾਂਗੇ।" ਦੋਹੇਂ ਭਰਾ ਲਗਭਗ ਇਕੋ ਜਵਾਬ ਦਿੰਦੇ ਤੇ ਇਹ ਗੱਲ ਸਹੀ ਵੀ ਸੀ।

ਤਿੰਨ ਸਾਲਾਂ ਵਿੱਚ ਸੁੰਨਾ ਪਿਆ ਘਰ ਜਿਵੇਂ ਖੋਲ੍ਹਾ ਬਣ ਗਿਆ ਸੀ। ਆਸਪਾਸ ਦੇ ਘਰ ਕੁਝ ਨਵੇਂ ਢੰਗ ਨਾਲ ਬਣ ਜਾਣ ਕਾਰਨ, ਉਨ੍ਹਾਂ ਦਾ ਘਰ ਭੱਦੀ ਦਿੱਖ ਦਾ ਬਣ ਗਿਆ ਸੀ।ਕਦੇ ਉਨ੍ਹਾਂ ਦਾ ਆਪਣਾ ਘਰ ਆਲੇ-ਦੁਆਲੇ ਦੇ ਘਰਾਂ ਵਿਚ ਸਭ ਤੋਂ ਵਧੀਆ ਤੇ ਵੱਖਰਾ ਦਿਖਾਈ ਦਿੰਦਾ ਹੁੰਦਾ ਸੀ।

ਦਿਖਾਈ ਦਿੰਦਾ ਵੀ ਕਿਉਂ ਨਾ, ਆਖ਼ਰ ਇਹ ਇਕ ਪੁਲਿਸ ਅਫ਼ਸਰ ਦਾ ਘਰ ਸੀ।

ਮਾਂ ਚਾਰ ਕੁ ਵਰ੍ਹੇ ਪਹਿਲਾਂ ਗ਼ੁਜ਼ਰ ਗਈ ਸੀ।ਉਹਨੂੰ ਇਕ ਨਾਮੁਰਾਦ ਬਿਮਾਰੀ ਨੇ ਆ ਘੇਰਿਆ ਸੀ। ਬਿਮਾਰੀ ਦਾ ਨਾਂ ਸੋਚਦਿਆਂ ਵੀ ਉਨ੍ਹਾਂ ਨੂੰ ਸ਼ਰਮ ਮਹਿਸੂਸ ਹੁੰਦੀ ਸੀ, ਇਕ ਤਰ੍ਹਾਂ ਦੀ ਕਚਿਆਣ ਜਿਹੀ ਆਉਂਦੀ ਸੀ।ਪਰ ਸਚਾਈ ਆਖ਼ਰ ਸਚਾਈ ਹੀ ਹੁੰਦੀ ਹੈ। ਮੰਨਣੀ ਹੀ ਪੈਂਦੀ ਹੈ। ਕੌੜਾ ਘੁੱਟ ਭਰ ਕੇ ਉਨ੍ਹਾਂ ਵੀ ਮੰਨ ਲਿਆ ਤੇ ਅੰਦਰ ਹੀ ਅੰਦਰ ਆਪਣੇ ਅੰਤਹਕਰਨ, ਆਪਣੇ ਵਜੂਦ ਉੱਪਰ ਸਹਿ ਲਿਆ ਕਿ ਮਾਂ ਨੂੰ ਏਡਜ਼ ਸੀ।

ਮਾਂ ਦੀ ਕਮੀਂ ਨੂੰ ਉਨ੍ਹਾਂ ਨੇ ਬਹੁਤੀ ਸ਼ਿੱਦਤ ਨਾਲ ਨਾ ਲਿਆ, ਬਾਪ ਜਿਉਂ ਬੈਠਾ ਸੀ ਮਾਂ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ।ਉਹ ਉਨ੍ਹਾਂ ਦੀ ਹਰ ਲੋੜ ਦਾ ਖ਼ਿਆਲ ਰੱਖਦਾ। ਮੂੰਹੋਂ ਜੋ ਚੀਜ਼ ਉਨ੍ਹਾਂ ਨੇ ਮੰਗੀ, ਬਾਪ ਨੇ ਤੁਰੰਤ ਹਾਜ਼ਰ ਕੀਤੀ। ਉਂਜ ਵੀ ਉਨ੍ਹਾਂ ਦੇ ਬਾਪ ਦੇ ਨਾਂ ਦੀ ਤੂਤੀ ਬੋਲਦੀ ਸੀ। ਬਾਪ ਉਨ੍ਹਾਂ ਪ੍ਰਤੀ ਭਾਵੁਕ ਵੀ ਰੱਜ ਕੇ ਸੀ। ਬਿਲਕੁਲ ਉਵੇਂ ਹੀ ਜਿਵੇਂ ਕੋਈ ਮਾਂ ਆਪਣੇ ਬੱਚਿਆਂ ਪ੍ਰਤੀ ਭਾਵੁਕ ਹੁੰਦੀ ਹੈ।ਜਿਹੋ ਜਿਹੀ ਭਾਵੁਕਤਾ ਮਾਂ ਦੀਆਂ ਅੱਖਾਂ ’ਚੋਂ ਮੱਲੋਮੱਲੀ ਛਲਕ ਆਉਂਦੀ ਹੈ, ਉਸੇ ਤਰ੍ਹਾਂ ਦੀ ਭਾਵੁਕਤਾ ਉਨ੍ਹਾਂ ਦੇ ਬਾਪ ਦੀਆਂ ਅੱਖਾਂ ’ਚ ਛਲਕਦੀ ਉਨ੍ਹਾਂ ਅਕਸਰ ਦੇਖੀ ਸੀ ਤੇ ਆਪਣੇ ਰੋਮ-ਰੋਮ ਅੰਦਰ ਰਮਦੀ ਮਹਿਸੂਸ ਵੀ ਕੀਤੀ ਸੀ।

ਮਾਂ ਘਰੇਲੂ ਔਰਤ ਸੀ। ਆਮ ਘਰੇਲੂ ਔਰਤਾਂ ਵਾਂਗ ਸਾਰੇ ਕੰਮਕਾਰ ਨਿਪਟਾਉਂਦੀ ਸੀ। ਘਰ ਦੇ ਰੋਜ਼ਮਰਾ ਤੇ ਕਬੀਲਦਾਰੀ ਦੇ ਕੰਮ ਨਿਪਟਾਉਂਦਿਆਂ ਉਹ ਇਕ ਹੋਰ ਅਜੀਬ ਕੰਮ ਵੀ ਕਰਦੀ ਸੀ।ਬਾਪ ਠਾਣਿਓਂ ਅਣਰਿਕਾਰਿਡ ਭੁੱਕੀ ਘਰ ਲੈ ਆਉਂਦਾ ਸੀ।ਮਾਂ ਪੁੜੀਆਂ ਜਿਹੀਆਂ ਬਣਾ ਕੇ ਘਰੋਂ ਵੇਚਦੀ ਰਹਿੰਦੀ ਸੀ।ਮੁੰਡਿਆਂ ਨੂੰ ਉਹਦਾ ਇਹ ਕੰਮ ਕੋਈ ਬਹੁਤਾ ਪਰੇਸ਼ਾਨ ਨਹੀਂ ਸੀ ਕਰਦਾ। ਇਸ ਕੰਮ ਤੋਂ ਪੈਸੇ ਆਉਂਦੇ ਸਨ।ਇਸ ਪੈਸੇ ਨਾਲ ਗੁਰਬਾਜ਼ ਤੇ ਗੁਰਲਾਭ ਦੇ ਸ਼ੌਂਕ ਪੂਰੇ ਹੁੰਦੇ ਸਨ, ਖੁੱਲ੍ਹੀ ਖੇਡ ਚੱਲਦੀ ਸੀ।ਉਹ ਦੋਵੇਂ ਨਸ਼ੇ ਦੇ ਸੇਵਨ ਤੋਂ ਇਤਫ਼ਾਕਨ ਬਚੇ ਹੋਏ ਸਨ, ਪਰ ਬਾਪ ਭੁੱਕੀ ਦਾ ਸੇਵਨ ਕਰਦਾ ਸੀ। ਉਹ ਅਕਸਰ ਸਰੂਰ ਵਿੱਚ ਦਿਖਾਈ ਦਿੰਦਾ ਸੀ। ਹਰ ਗੱਲ ਬੜੇ ਆਤਮ ਵਿਸ਼ਵਾਸ ਨਾਲ ਕਰਦਾ ਸੀ। ਆਪਣੇ ਆਪ ਨੂੰ ਨਵੀਨਤਮ ਗਿਆਨ ਤੇ ਸੂਚਨਾਵਾਂ ਨਾਲ ਲੈਸ ਕਰੀ ਰੱਖਣਾ, ਉਹਦਾ ਸ਼ੁਗਲ ਸੀ।

ਮਾਂ ’ਤੇ ਇਲਾਜ ਦਾ ਕੋਈ ਅਸਰ ਨਾ ਹੋਇਆ। ਕਿਸੇ ਦਵਾਈ ਨਾਲ ਮੋੜ ਨਾ ਪਿਆ।ਦੇਹ ਦਿਨੋਂ-ਦਿਨ ਨਿੱਘਰਦੀ ਗਈ।ਉਹਨੇ ਖ਼ੂਬ ਕਮਾਈ ਕੀਤੀ ਸੀ।ਸੋਨੇ ਦੇ ਮੋਟੇ-ਮੋਟੇ ਕੜੇ ਬਣਵਾਏ ਸਨ, ਜਿਨ੍ਹਾਂ ਨੂੰ ਆਪਣੀਆਂ ਨੂੰਹਾਂ ਦੀਆਂ

ਵੀਣੀਆਂ ਉੱਪਰ ਸਜਾਉਣ ਦੀ ਰੀਝ ਦਿਲ ਵਿੱਚ ਲੈ ਕੇ ਹੀ ਉਹ ਆਖ਼ਰ ਸਵਾਸ ਪੂਰੇ ਕਰ ਗਈ। ਜਦੋਂ ਉਹਨੇ ਜਹਾਨ ਛੱਡਿਆ ਉਦੋਂ ਉਹਦੇ ਉਪਰੋਥਲੀ ਦੇ ਦੋਵਾਂ ਮੁੰਡਿਆਂ ਦੀ ਉਮਰ ਇੱਕੀ ਤੇ ਸਤਾਰਾਂ ਵਰ੍ਹਿਆਂ ਦੀ ਸੀ। ਦੋਵਾਂ ਵਿੱਚੋਂ ਕੋਈ ਵੀ ਢੰਗ ਸਿਰ ਕਿਸੇ ਤਣ-ਪੱਤਣ ਲੱਗਦਾ ਦਿਖਾਈ ਨਹੀਂ ਸੀ ਦਿੰਦਾ। ਫਿਰ ਵੀ ਬਾਪ ਕਾਫ਼ੀ ਆਸਵੰਦ ਸੀ।ਕੋਈ ਪੁੱਛਦਾ ਤਾਂ ਆਖਦਾ, "ਪਹਿਲੀ ਗੱਲ, ਉਨ੍ਹਾਂ ਦਾ ਮੁੰਡੇ ਹੋਣਾ ਹੀ ਬਹੁਤ ਵੱਡੀ ਯੋਗਤਾ ਹੈ।ਬਾਕੀ ਮੈਂ ਉਨ੍ਹਾਂ ਦੀ ਪੜ੍ਹਾਈ 'ਤੇ ਖ਼ਰਚ ਕਰਨ ਵੱਲੋਂ ਘੌਲ ਨਹੀਂ ਕਰ ਰਿਹਾ, ਕੁਝ ਨਾ ਕੁਝ ਤਾਂ ਬਣਨਗੇ ਹੀ।" ਸੁਣਨ ਵਾਲਾ ਅੱਗੋਂ ਹਾਮੀ ਭਰ ਦਿੰਦਾ, "ਹਾਂ ਬਈ ਮਨਜੀਤ ਸਿਆਂ, ਸਹੀ ਕਿਹਾ, ਮਾਂ ਬਾਪ ਨੂੰ ਆਪਣੇ ਫ਼ਰਜ਼ ਤੋਂ ਪਿੱਛੇ 'ਨੀਂ ਹਟਣਾ ਚਾਹੀਦਾ, ਫਿਰ ਔਲਾਦ ਵੀ ਸ਼ਰਮ ਮੰਨਦੀ ਐ!"

ਜਦੋਂ ਚਾਬੀ ਕਿਤੋਂ ਨਾ ਮਿਲੀ ਤਾਂ ਬਾਪ ਦੀ ਨਿੱਜੀ ਅਲਮਾਰੀ ਦਾ ਜਿੰਦਾ ਵੀ ਉਨ੍ਹਾਂ ਨੂੰ ਤੋੜਨਾ ਪਿਆ। ਅਲਮਾਰੀ 'ਚ ਕਿਤਾਬਾਂ ਸਨ। ਨਾਵਲ, ਕਹਾਣੀਆਂ ਤੇ ਨਿਬੰਧਾਂ ਦੀਆਂ ਕਿਤਾਬਾਂ। ਬੜੀਆਂ ਸੰਭਾਲ ਕੇ, ਤਰਤੀਬ ਤੇ ਸਲੀਕੇ ਨਾਲ ਰੱਖੀਆਂ ਪੁਸਤਕਾਂ ਉੱਪਰ ਧੂੜ ਜਮ੍ਹਾਂ ਹੋ ਗਈ ਸੀ।ਉਨ੍ਹਾਂ ਇਕੱਲੀ-ਇਕੱਲੀ ਪੁਸਤਕ ਦੀ ਧੂੜ ਸਾਫ਼ ਕੀਤੀ ਤੇ ਮੁੜ ਉਨ੍ਹਾਂ ਨੂੰ ਪਹਿਲਾਂ ਵਾਲੀ ਤਰਤੀਬ ਵਿੱਚ ਰੱਖਿਆ। ਕੁਝ ਕਿਤਾਬਾਂ ਬਦੇਸ਼ੀ ਭਾਸ਼ਾਵਾਂ ਤੋਂ ਅਨੁਵਾਦ ਕੀਤੀਆਂ ਹੋਈਆਂ ਸਨ।ਜ਼ਿਆਦਾ ਕਿਤਾਬਾਂ ਰੂਸੀ ਸਾਹਿਤ ਦੀਆਂ ਸਨ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀਆਂ ਲਗਭਗ ਸਾਰੀਆਂ ਕਿਤਾਬਾਂ ਸਨ।ਇਹ ਛੋਟੀ ਜਿਹੀ ਘਰੇਲੂ ਲਾਇਬ੍ਰੇਰੀ ਉਨ੍ਹਾਂ ਦੇ ਬਾਪ ਨੂੰ ਉਨ੍ਹਾਂ ਦੇ ਦਾਦੇ ਪਾਸੋਂ ਪ੍ਰਾਪਤ ਹੋਈ ਸੀ। ਉਨ੍ਹਾਂ ਦਾ ਦਾਦਾ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਉਪਾਸ਼ਕ ਸੀ। ਪ੍ਰੀਤਲੜੀ ਰਸਾਲੇ ਦਾ ਸਥਾਈ ਪਾਠਕ ਤੇ ਜੀਵਨ ਮੈਂਬਰ ਸੀ। ਜਦੋਂ ਤੱਕ ਦਾਦਾ ਜਿਉਂਦਾ ਰਿਹਾ, ਪ੍ਰੀਤਲੜੀ ਲਗਾਤਾਰ ਘਰ ਆਉਂਦਾ ਰਿਹਾ।ਉਨ੍ਹਾਂ ਦੀ ਮੌਤ ਤੋਂ ਮਗਰੋਂ ਬੰਦ ਹੋ ਗਿਆ। ਪੁਸਤਕਾਂ ਦਾ ਜਿਹੜਾ ਭੰਡਾਰ ਉਹ ਪਿੱਛੇ ਛੱਡ ਗਿਆ ਉਸ ਨੂੰ ਉਸ ਦੇ ਪੁੱਤਰ ਹੈੱਡਕਾਂਸਟੇਬਲ ਮਨਜੀਤ ਸਿੰਘ ਨੇ ਨਾ ਕੇਵਲ ਸੰਭਾਲ ਕੇ ਹੀ ਰੱਖਿਆ ਸਗੋਂ ਉਹ ਪੁਸਤਕਾਂ ਪੜ੍ਹਦਾ ਵੀ ਰਹਿੰਦਾ ਸੀ। ਪੁਸਤਕ ਵਿਚੋਂ ਜਿਹੜੀਆਂ ਗੱਲਾਂ ਉਹਨੂੰ ਚੰਗੀਆਂ ਲੱਗਦੀਆਂ, ਆਪਣੇ ਬੱਚਿਆਂ ਨਾਲ ਵੀ ਸਾਂਝੀਆਂ ਕਰਦਾ। ਇਸੇ ਅਲਮਾਰੀ ਵਿੱਚ ਮਨਜੀਤ ਦਾ ਇਕ ਬਹੁਤ ਖ਼ੂਬਸੂਰਤ ਮਰਫ਼ੀ ਕੰਪਨੀ ਦਾ ਰੇਡੀਓ ਵੀ ਪਿਆ ਸੀ।

ਮਨਜੀਤ ਆਪਣੀ ਜੱਦੀ ਰਿਹਾਇਸ਼ ਵਾਲੇ ਕਸਬੇ ਵਿੱਚ ਹੀ ਡਿਊਟੀ 'ਤੇ ਤੈਨਾਤ ਸੀ। ਸਾਈਕਲ ਉੱਪਰ ਕਸਬੇ ਵਿੱਚ ਘੁੰਮਣਾ ਤੇ ਸਾਈਕਲ ਦੀ ਟੋਕਰੀ ਵਿੱਚ ਰੇਡੀਓ ਰੱਖਣਾ ਤਾਂ ਜਿਵੇਂ ਉਹਦੀ ਆਦਤ ਹੀ ਸੀ।ਰੇਡੀਓ ਸੁਣਨ ਤੋਂ

ਉਹਨੂੰ ਸਕੂਨ ਮਿਲਦਾ ਸੀ। ਦਫ਼ਤਰ ਵਿੱਚ ਆਪਣੀ ਮੇਜ਼ ਦੀ ਦਰਾਜ਼ ਵਿੱਚ ਵੀ ਉਹ ਰੇਡੀਓ ਰੱਖਦਾ ਸੀ। ਸਾਰੇ ਆਖਦੇ ਸਨ, "ਇਹ ਕੋਈ ਆਮ ਪੁਲਸੀਆ ਨਹੀਂ ਹੈ।"

ਅਗਲਾ ਹਾਂ 'ਚ ਹਾਂ ਰਲਾਉਂਦਾ, "ਵਰਦੀ ਨਾ ਪਾਈ ਹੋਵੇ ਤਾਂ ਕੋਈ ਕਹਿ ਨਹੀਂ ਸਕਦਾ ਇਹ ਪੁਲਸੀਆ ਹੈ, ਉਂ ਪੁਲਸੀਆ ਤਾਂ ਬਿਨਾਂ ਵਰਦੀ ਤੋਂ ਵੀ ਪਛਾਣ 'ਚ ਆ ਜਾਂਦੈ!"

ਸੱਚਮੁੱਚ ਹੀ ਮਹਿਕਮੇ ਦੇ ਹਿਸਾਬ ਨਾਲ ਮਨਜੀਤ ਦੀ ਸ਼ਖ਼ਸੀਅਤ ਹੈਰਾਨ ਕਰਨ ਵਾਲੀ ਸੀ। ਮਨਜੀਤ ਆਪਣੀ ਧੁਨ ਵਿੱਚ ਮਸਤ ਰਹਿੰਦਾ ਸੀ।

ਕਦੇ-ਕਦਾਈਂ ਉਹ ਪਤਨੀ ਨੂੰ ਪੁੱਛਦਾ, "...ਇਹ ਗੱਲ...ਮੇਰਾ ਮਤਲਬ ਭੁੱਕੀ ਵੇਚਣ ਵਾਲੀ ਗੱਲ ਉਵੇਂ ਨਹੀਂ ਜਿਵੇਂ ਲੇਲਿਆਂ ਵਿੱਚ ਭੇੜੀਆ ਛੱਡ ਦਿੱਤਾ ਗਿਆ ਹੋਵੇ...ਇਕ ਪਾਸੇ ਪਿਤਾ ਦਾ ਸਾਊ ਵਿਰਸਾ......ਉੱਚ-ਕੋਟੀ ਦੇ ਖਿਆਲਾਂ ਵਾਲੀਆਂ ਪੁਸਤਕਾਂ......ਰੇਡੀਓ ਦਾ ਸੁਹਜਮਈ ਸੰਸਾਰ......ਸੋਹਣੀ ਸੰਤਾਨ ਤੇ ਦੂਜੇ ਪਾਸੇ ਭੁੱਕੀ ਦੀ ਸਪਲਾਈ...?"

ਪਤਨੀ ਆਖਦੀ, "...ਤਾਂ ਫਿਰ ਨਿਆਣਿਆਂ ਦੀਆਂ ਰੀਝਾਂ ਕਿਵੇਂ ਪੂਰੀਆਂ ਹੋਣ......ਤੁਸੀਂ ਵੀ ਕੁਝ ਫ਼ਾਇਦਾ ਉਠਾ ਲਉ ਆਪਣੇ ਮਹਿਕਮੇ ਦਾ......ਜੇ ਮਾਸਟਰ ਲੱਗੇ ਹੁੰਦੇ ਤਾਂ ਚਾਰ ਟਿਊਸ਼ਨਾਂ ਪੜ੍ਹਾ ਲੈਂਦੇ...ਦੇਖਲੋ, ਮਾਸਟਰ ਬਲੌਰ ਸਿਉਂ ਨੇ ਕਿੰਨੀ ਸ਼ਾਨਦਾਰ ਕੋਠੀ ਖੜ੍ਹੀ ਕਰ ਲਈ...ਟਿਊਸ਼ਨਾਂ 'ਚੋਂ" ਪਤਨੀ ਹਮੇਸ਼ਾ ਹੀ ਅਜਿਹੇ ਮਾਮਲੇ ਵਿੱਚ ਵਧੇਰੇ ਵਿਹਾਰਕ ਹੋਣ ਦਾ ਪ੍ਰਮਾਣ ਪੇਸ਼ ਕਰਦੀ। ਮਨਜੀਤ ਅੱਗੋਂ 'ਹਾਂ ਜੀ' ਕਹਿ ਛੱਡਦਾ, ਹਾਲਾਂਕਿ ਉਹ ਜਾਣਦਾ ਸੀ, ਬਲੌਰ ਸਿੰਘ ਤੋਂ ਹਾਲੇ ਤੱਕ ਹੋਮ ਲੋਨ ਦੀਆਂ ਕਿਸ਼ਤਾਂ ਨਹੀਂ ਉਤਾਰੀਆਂ ਜਾ ਸਕੀਆਂ ਸਨ।

ਜ਼ਿੰਦਗੀ ਅਣਕਿਆਸੀਆਂ ਘਟਨਾਵਾਂ ਨਾਲ ਵੀ ਅੱਗੇ ਵੱਧਦੀ ਹੈ। ਸਮਾਂ ਬੰਦੇ ਨਾਲੋਂ ਬਾਹਰਾ ਹੋ ਕੇ ਵੀ ਕਰਵਟ ਬਦਲਦਾ ਹੈ। ਮਨਜੀਤ ਦੀ ਪਤਨੀ ਦੀ ਮੌਤ ਨਾਲ ਇਸ ਪਰਿਵਾਰ ਦੇ ਜੀਵਨ ਦੀ ਦਿਸ਼ਾ ਹੀ ਬਦਲ ਗਈ।ਟੱਬਰ ਅੱਗੇ ਬਹੁਤ ਵੱਡਾ ਸਵਾਲ ਖੜ੍ਹਾ ਹੋ ਗਿਆ:

"ਹੁਣ ਕੀ ਬਣੂ?"

ਪਰ ਮਨਜੀਤ ਬਹੁਤ ਸੁਲਝਿਆ ਹੋਇਆ ਬੰਦਾ ਸੀ।ਉਹਨੇ ਟੱਬਰ ਨੂੰ ਸੁਚੱਜੇ ਢੰਗ ਨਾਲ ਸੰਭਾਲ ਲਿਆ ਤੇ ਆਪਣੇ ਆਪ ਨੂੰ ਵੀ ਸੰਭਾਲ ਲਿਆ। ਪਤਨੀ ਦੀ ਮੌਤ ਸਮੇਂ ਉਹਦੀ ਆਪਣੀ ਉਮਰ ਮਸਾਂ ਬਿਆਲੀ ਤਰਤਾਲੀ ਸਾਲ ਸੀ।ਇਸ ਉਮਰ ਵਿੱਚ ਆਪਣੇ ਆਪ ਨੂੰ ਸੰਭਾਲ ਲੈਣਾ ਕੋਈ ਸੌਖਾ ਕੰਮ ਨਹੀਂ ਸੀ।

ਮਨਜੀਤ ਦੀ ਡਿਊਟੀ ਜ਼ਿਆਦਾ ਕਰਕੇ ਗ਼ੈਰ-ਪੁਲਸੀਆ ਕੰਮਾਂ 'ਚ ਹੀ ਲਾਈ ਜਾਂਦੀ ਸੀ।ਮੂੰਹ-ਮੁਲਾਹਜ਼ੇ ਵਾਲਾ ਬੰਦਾ ਸੀ ਉਹ। ਲੋਕ ਉਹਦੇ ਕੋਲ ਮੱਦਦ ਲਈ ਗੁਹਾਰ ਲਾਈ ਰੱਖਦੇ ਸਨ। ਉਹ ਜਾਇਜ਼ ਕੰਮ ਕਰਵਾ ਵੀ ਦਿੰਦਾ ਸੀ। ਉੱਪਰਲੇ ਅਫ਼ਸਰ ਉਸ ਉੱਪਰ ਬਹੁਤ ਵਿਸ਼ਵਾਸ ਕਰਦੇ ਸਨ, ਉਹਦੀ ਗੱਲ ਸੁਣੀ ਵੀ ਜਾਂਦੀ ਸੀ ਤੇ ਮੰਨੀ ਵੀ ਜਾਂਦੀ ਸੀ।

ਇਕ ਦਿਨ ਇਕ ਕੁੜੀ ਉਹਨੂੰ ਘਰ ਮਿਲਣ ਆਈ।ਗੁਰਬਿੰਦਰ ਦਸਦੀ ਸੀ ਆਪਣਾ ਨਾਂ।ਉਹਦੇ ਬਾਪ ਨੂੰ ਸ਼ਰੀਕ ਤੰਗ ਕਰਦੇ ਸਨ ਤੇ ਤੰਗ ਕਰਨ ਲਈ ਪੁਲੀਸ ਨੂੰ ਵਰਤਦੇ ਸਨ। ਕੁੜੀ ਪਰਿਵਾਰ ਵਿੱਚੋਂ ਸਭ ਤੋਂ ਵੱਡੀ ਸੀ, ਭਰਾ ਅਜੇ ਨਿੱਕੇ ਸਨ। ਭਰਾ ਪੱਛੜ ਕੇ ਪੈਦਾ ਹੋਏ ਸਨ, ਕੁੜੀ ਵਿਆਹ ਤੋਂ ਪੱਛੜੀ ਹੋਈ ਜਾਪਦੀ ਸੀ। ਮਨਜੀਤ ਨੇ ਉਹਦੀ ਗੱਲ ਧਿਆਨ ਨਾਲ ਸੁਣੀ, ਦਿਲਾਸਾ ਦਿੱਤਾ, "ਕੋਈ ਗੱਲ 'ਨੀਂ ਬੀਬਾ ਕੋਸ਼ਿਸ਼ ਕਰਾਂਗਾ।" ਮਨਜੀਤ ਨੇ ਗੁਰਬਿੰਦਰ ਦੇ ਬਾਪ ਦਾ ਪੁਲਿਸ ਤੋਂ ਖਹਿੜਾ ਛੁਡਾ ਦਿੱਤਾ। ਕੁੜੀ ਫਿਰ ਆਈ। ਐਤਕੀਂ ਧੰਨਵਾਦ ਕਰਨ ਆਈ ਸੀ। ਫਿਰ ਉਹ ਆਈ ਤਾਂ ਮਨਜੀਤ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਸੀ। ਉਹਦੇ ਸ਼ੌਂਕ ਕੁੜੀ ਲਈ ਖਿੱਚ ਭਰਪੂਰ ਸਨ।ਫਿਰ ਉਹ ਸਮਾਂ ਵੀ ਆਇਆ ਜਦੋਂ ਉਹ ਬਹੁਤ ਘੁਲ਼-ਮਿਲ ਗਏ। ਮਨਜੀਤ ਨੂੰ ਇਸ ਕੁੜੀ ਕਰਕੇ ਆਪਣੇ ਅੰਦਰ ਅਨੰਦਿਤ ਕਰਨ ਵਾਲੀ ਹਿਲਜੁਲ ਮਹਿਸੂਸ ਹੋਈ।ਬਾਪ ਦੇ ਵਿਹਾਰ ਵਿਚਲੀ ਤਬਦੀਲੀ ਮੁੰਡਿਆਂ ਤੋਂ ਗੁੱਝੀ ਨਾ ਰਹੀ। ਉਹ ਦੋਵਾਂ ਦੇ ਮੇਲਜੋਲ ਨੂੰ ਸ਼ੱਕ ਦੀ ਨਿਗ੍ਹਾ ਨਾਲ ਵੇਖਣ ਲੱਗੇ।

ਗੁਰਬਿੰਦਰ ਵਿੱਚ ਤਾਂ ਮਨਜੀਤ ਨੂੰ ਜਿਵੇਂ ਆਪਣਾ ਜਹਾਨ ਹੀ ਦਿਸਣ ਲੱਗ ਪਿਆ ਸੀ, ਆਪਣਾ ਨਵਾਂ ਜਹਾਨ।ਉਹ ਸੋਚਦਾ ਮੁੰਡੇ ਵਿਆਹੇ ਗਏ ਤਾਂ ਆਪੋ-ਆਪਣੀਆਂ ਪਤਨੀਆਂ 'ਚ ਰੁੱਝ ਜਾਣਗੇ, ਉਹ ਇਕੱਲਾ ਰਹਿ ਜਾਏਗਾ, ਉਹਨੂੰ ਕੀਹਨੇ ਪੁੱਛਣਾ, ਇਸ ਲਈ ਕਿਉਂ ਨਾ ਉਹ ਵੀ ਆਪਣਾ ਕੋਈ ਬੰਨ੍ਹ-ਸੁੱਬ ਕਰੇ, ਆਪਣੇ ਭਵਿੱਖ ਲਈ ਕੋਈ ਯੋਜਨਾ ਬਣਾਵੇ।

ਇਸ 'ਯੋਜਨਾ' ਨੇ ਮੁੰਡਿਆਂ ਨੂੰ ਫ਼ਿਕਰਾਂ ਵਿੱਚ ਪਾ ਦਿੱਤਾ। ਸ਼ਹਿਰੀ ਜਾਇਦਾਦ ਦਾ ਇੱਕ ਏਕੜ ਉਨ੍ਹਾਂ ਨੂੰ ਆਪਣੇ ਹੱਥੋਂ ਨਿੱਕਲਦਾ ਜਾਪਿਆ। ਮੁੰਡੇ ਵੀ ਮਨਜੀਤ ਦੀ 'ਯੋਜਨਾ' ਦੇ ਬਰਾਬਰ 'ਯੋਜਨਾ' ਬਣਾਉਣ ਲੱਗੇ।ਉਨ੍ਹਾਂ ਦਾ ਰੋਹ ਉਦੋਂ ਹੋਰ ਵੀ ਤੇਜ਼ ਹੋ ਗਿਆ ਜਦੋਂ ਖਾਧੀ-ਪੀਤੀ 'ਚ ਮਨਜੀਤ ਮੂੰਹੋਂ ਗੁਰਬਿੰਦਰ ਨਾਲ ਵਿਆਹ ਕਰਵਾਉਣ ਦੀ ਗੱਲ ਨਿੱਕਲ ਗਈ।

ਇੱਕ ਰਾਤ ਘੂਕ ਸੁੱਤੇ ਪਏ ਮਨਜੀਤ ਦਾ ਗ਼ਲ ਤੇਜ਼ਧਾਰ ਹਥਿਆਰ ਨਾਲ ਰੇਤ ਕੇ ਉਨ੍ਹਾਂ ਆਪਣੀ 'ਯੋਜਨਾ' ਨੂੰ ਅੰਜ਼ਾਮ ਤੱਕ ਪੁਚਾ ਦਿੱਤਾ।ਇਸ ਖ਼ੌਫ਼ਨਾਕ ਕਤਲ ਤੋਂ ਭੈਅਭੀਤ ਦੋਵੇਂ ਭਰਾ ਫਰਾਰ ਹੋ ਗਏ। ਮਗਰੋਂ ਮਾਮਲੇ ਨੂੰ ਰਫ਼ਾਦਫ਼ਾ

ਕਰਨ ਵਿੱਚ ਰਿਸ਼ਤੇਦਾਰਾਂ ਨੂੰ ਤਿੰਨ ਸਾਲ ਲੱਗ ਗਏ। ਹੁਣ ਤਿੰਨ ਸਾਲਾਂ ਮਗਰੋਂ ਉਹ ਪਰਤੇ ਸਨ।ਝਾੜ-ਪੂੰਝ ਕਰਦਿਆਂ ਇਕ ਵਾਰ ਫਿਰ ਗੁਰਬਾਜ਼ ਨੇ ਗੁਰਲਾਭ ਨੂੰ ਪੁੱਛਿਆ, "ਹਾਂ ਫੇਰ ਕੀ ਖ਼ਿਆਲ ਐ, ਰੱਖਵਾ ਦੇਈਏ ਪਾਪਾ ਜੀ ਦੀ ਯਾਦ ਵਿੱਚ ਪਾਠ!"

"ਹਾਂ, ਹਾਂ, ਕਿਉਂ ਨਹੀਂ, ਫਿਰ ਵੀ ਉਹ ਸਾਡਾ ਬਾਪ ਸੀ!"

ਹੇਰਵਾ

ਵਾਢੀ ਹਾੜ੍ਹੀ ਦੀ ਹੁੰਦੀ ਜਾਂ ਸਾਉਣੀ ਦੀ, ਸੁਰਜਣ ਵਾਢੀ ਕਰਨ ਵਾਲਿਆਂ ਨੂੰ ਸ਼ੀਸ਼ਾ ਦਿਖਾਉਣਾ ਕਦੇ ਨਾ ਭੁੱਲਦਾ। ਇਕ ਖੇਤ ਤੋਂ ਦੂਜੇ ਖੇਤ, ਦੂਜੇ ਖੇਤ ਤੋਂ ਤੀਜੇ ਤੇ ਇੰਜ ਸੂਰਜ ਢਲੇ ਘਰ ਪਰਤਦਾ। ਸ਼ੀਸ਼ਾ ਦਿਖਾ ਕੇ ਜਿਵੇਂ ਉਹ ਜ਼ਿਮੀਂਦਾਰਾਂ ਨੂੰ ਅਨਾਜ ਵਿੱਚ ਆਪਣੇ ਸੀਰ ਦੀ ਯਾਦ ਕਰਵਾਉਂਦਾ ਸੀ। ਗਹਾਈ ਮਗਰੋਂ ਉਹਦੇ ਹਿੱਸੇ ਦਾ ਅਨਾਜ ਉਹਦੇ ਭੜੋਲੇ ਵਿੱਚ ਆ ਪੈਂਦਾ ਸੀ। ਸਾਲ ਭਰ ਅਨਾਜ ਵੱਲੋਂ ਬੇਫ਼ਿਕਰੀ ਰਹਿੰਦੀ ਸੀ। ’ਕੱਲਾਕਾਰਾ ਬੰਦਾ ਸੀ ਉਹ। ਜ਼ਿਆਦਾ ਅਨਾਜ ਤਾਂ ਲੋਕਾਂ ਦੇ ਕੰਮ ਹੀ ਆਉਂਦਾ ਸੀ, ਉਹ ਇਕੱਲਾ ਕਿੰਨਾ ਕੁ ਖਾ ਸਕਦਾ ਸੀ? ਆਪਣੀ ਪਤਨੀ ਦੇ ਗ਼ੁਜ਼ਰ ਜਾਣ ਮਗਰੋਂ ਵੀ ਉਹ ਆਮ ਵਾਂਗ ਕੰਮ ਕਰਨ ਤੇ ਆਮ ਵਾਂਗ ਦਿਖਾਈ ਦੇਣ ਦਾ ਯਤਨ ਕਰਦਾ ਪਰ ਪਿੰਡ ਦੀਆਂ ਤੀਵੀਂਆਂ ਅਕਸਰ ਉਹਦੇ ਬਾਰੇ ਕਹਿੰਦੀਆਂ, “ਜਦੋਂ ਦੀ ਧਨ ਕੁਰ ਜਹਾਨੋਂ ਤੁਰ ਗਈ, ਸੁਰਜਣ ਜਾਣੀ ਪਹਿਲਾਂ ਵਾਲਾ ਸੁਰਜਣ ਹੀ ਨਹੀਂ ਰਿਹਾ।”

ਸੁਰਜਣ ਨੇ ਆਪਣੇ ਯਾਰਾਂ ਬੇਲੀਆਂ ਤੋਂ ਤਸਦੀਕ ਕਰਨੀ ਚਾਹੀ, “ਸੱਜਣ ਸਿਆਂ! ਬੁੜ੍ਹੀਆਂ ਦੇ ਤਬਸਰੇ ਬਾਰੇ ਤੇਰਾ ਕੀ ਖ਼ਿਆਲ ਐ?”

“ਐਵੇਂ ਮਗਜੌਲੀ! ਹੋਰ ਕੀ, ਇਨ੍ਹਾਂ ਨੂੰ ਤਾਂ ਵਾਲ਼ ਚਾਹੀਦੈ ਖੱਲ ਲਾਹੁਣ ਲਈ।” ਸੱਜਣ ਨੇ ਆਪਣੀ ਵਡਮੁੱਲੀ ਰਾਇ ਦੇ ਕੇ ਸੁਰਜਣ ਤੋਂ ਉਸਤਰਾ ਲਿਆ ਤੇ ਘਰ ਦੇ ਗੇਟ ਮੁੱਢ ਬਣੇ ਕੋਠੇ ਵਿੱਚ ਜਾ ਵੜਿਆ।

ਨਿਆਣੇ ਸੁਰਜਣ ਦੇ ਵਿਹੜੇ ਵਿੱਚ ਇਕੱਠੇ ਹੋ ਗਏ। ਉਨ੍ਹਾਂ ਨਿਆਣਿਆਂ ’ਚੋਂ ਟੱਟੂ ਹਜਾਮਤ ਕਰਵਾਉਣ ਵਾਲਿਆਂ ਨੂੰ ਸੱਜਣ ਦੇ ਮੁੜਣ ਤੱਕ ਉਡੀਕ ਕਰਨੀ ਪੈਣੀ ਸੀ, ਉਸਤਰਾ ਜੁ ਸੱਜਣ ਦੇ ਕੋਲ ਸੀ। ਤਕਰੀਬਨ ਸਾਰੇ ਨਿਆਣੇ ਟੱਟੂ ਹਜਾਮਤ ਲਈ ਹੀ ਆਏ ਸਨ। ਸਿਰ ਘੋਨ-ਮੋਨ ਕਰਵਾ ਕੇ ਉਨ੍ਹਾਂ ਗਰਮੀ ਦੇ ਮੌਸਮ ਦੀ ਮੌਜ ਲੁੱਟਣੀ ਸੀ। ਬਰੋਟਿਆਂ ਦੇ ਟਾਹਣਾਂ ਨਾਲ ਲਮਕਣਾ ਸੀ, ਛੱਪੜਾਂ ’ਚ ਤਾਰੀਆਂ ਲਾਉਣੀਆਂ ਸਨ ਤੇ ਬੋੜੇ ਖੂਹਾਂ ਦੀਆਂ ਮੌਣਾਂ ਉੱਪਰ ਖੜ੍ਹ ਕੇ ਖੂਹਾਂ ’ਚੋਂ ਇੱਟਾਂ ਕੱਢਣ ਦੀਆਂ ਸ਼ਰਤਾਂ ਜਿੱਤਣੀਆਂ ਸਨ। ਚਾਮ੍ਹਲੇ ਹੋਏ ਤੇ ਕਾਹਲੇ ਪਏ ਨਿਆਣਿਆਂ ਨੂੰ ਸੁਰਜਣ ਲਾਡ ਨਾਲ ਘੁਰਕਦਾ, “ਸਬਰ ਕਰੋ ਓਏ ਭੇਡੀਓ!”

“ਹੁਣ ’ਨੀਂ ਰੌਲਾ ਪਾਉਂਦੇ ਬਾਬਾ!” ਕਹਿ ਕੇ ਨਿਆਣੇ ਚੁੱਪ ਹੋ ਜਾਂਦੇ।ਸੁਰਜਣ ਹੁੱਕੇ ਦੇ ਘੁੱਟ ਭਰਦਾ ਰਹਿੰਦਾ, ਜਿਉਂ ਹੀ ਉਸਤਰਾ ਸੱਜਣ ਹੱਥੋਂ

ਮਿਲਦਾ, ਸੁਰਜਣ ਇਕ-ਇਕ ਕਰਕੇ ਹਰੇਕ ਨਿਆਣੇ ਦੀ ਟਿੰਡ ਕੱਢਦਾ। ਬੁੜ੍ਹੀਆਂ ਤਾਂ ਇਹ ਵੀ ਕਹਿੰਦੀਆਂ, "ਸੁਰਜਣ ਨਿਆਣਿਆਂ ਦੀ ਹਜਾਮਤ ਕਰਨ ਵੇਲੇ ਇਉਂ ਲੱਗਦੈ ਜਿਵੇਂ ਉਹਦਾ ਗੱਚ ਭਰਿਆ ਹੋਇਆ ਹੋਵੇ।"

ਸੁਰਜਣ ਨੂੰ ਇਹ ਗੱਲ ਸੁੱਚੇ ਨੇ ਦੱਸੀ ਸੀ। ਬੁੜ੍ਹੀਆਂ ਦੇ ਇਸ ਵਾਰਤਾਲਾਪ ਬਾਰੇ ਸੁਰਜਣ ਨੇ ਸੁੱਚੇ ਦੀ ਰਾਇ ਲਈ, "ਤੂੰ ਕੀ ਸਮਝਦੈਂ, ਹੈ ਕੋਈ ਦਮ ਇਸ ਗੱਲ 'ਚ?" ਸੁੱਚੇ ਨੇ ਵੀ ਇਹੋ ਕਿਹਾ, "ਐਵੇਂ ਬੁੜ੍ਹੀਆਂ ਦੀ ਮਗਜੌਲੀ, ਹੋਰ ਦਮ-ਦੁਮ ਕੀ ਹੋਣਾ ਇਨ੍ਹਾਂ ਗੱਲਾਂ ਵਿੱਚ ਰਾਜਾ ਜੀ, ਹਾਂ ਸੱਚ, ਮੈਂ ਤਾਂ ਸੁਨੇਹਾ ਲੈ ਕੇ ਅਇਆ ਸੀ ਲੰਬੜਦਾਰਾਂ ਦਾ, ਕਹਿੰਦੇ ਸੀ ਚੌਲਾਂ ਦੀ ਦੇਗ ਤਿਆਰ ਕਰਨੀ ਐ ਅੱਜ ਤੋਂ ਦਸਮੇਂ ਦਿਨ ਨੂੰ ਤਿਆਰ ਰਹਿਣਾ, ਘਰ ਆ ਕੇ ਸੀਧਾ-ਪੱਤਾ ਤੇ ਹੋਰ ਚੀਜ਼-ਵਸਤ ਦੱਸ ਜਾਣਾਂ।"

"ਬਸ ਤਿਆਰ ਹੀ ਆਂ, ਆਪਾਂ ਕਿਹੜਾ ਘੋੜੇ ਬੀੜਨੇ ਆ, ਕੀ ਗੱਲ ਮੁੜ ਚੱਲਿਐਂ, ਬੈਠ ਦੋ ਘੜੀਆਂ, ਮੈਂ ਹੁੱਕਾ ਤਾਜ਼ਾ ਕਰਦਾਂ, ਗੱਲਾਂ ਬਾਤਾਂ ਕਰਦੇ ਆਂ।"

ਹੁੱਕੇ ਨੂੰ ਨਲਕੇ 'ਤੇ ਤਾਜ਼ਾ ਕਰ ਸੁਰਜਣ ਚਿਲਮ 'ਚ ਤੰਬਾਕੂ ਪਾ ਗੁਆਂਢੀਆਂ ਦੇ ਘਰ ਚਿਲਮ 'ਚ ਅੱਗ ਧਰਨ ਚਲਾ ਗਿਆ, ਮੁੜਿਆ ਤਾਂ ਉਹਦੇ ਇਕ ਹੱਥ ਚਿਲਮ ਤੇ ਦੂਜੇ ਹੱਥ ਚਾਹ ਦੀ ਗੜਵੀ ਵੀ ਸੀ। ਮਗਰੋਂ ਸੁੱਚਾ ਸ਼ੀਸ਼ਾ ਮੂੰਹ ਅੱਗੇ ਕਰਕੇ ਮੋਚਨੇ ਨਾਲ ਦਾੜ੍ਹੀ ਦੇ ਧੌਲ਼ੇ ਵਾਲ ਚੁਗਣ ਲੱਗ ਪਿਆ ਸੀ। ਸ਼ੀਸ਼ਾ-ਮੋਚਨਾ ਰੱਖ ਉਹ ਅੰਦਰੋਂ ਦੋ ਬਾਟੀਆਂ ਚੁੱਕ ਲਿਆਇਆ। ਗੜਵੀ 'ਚੋਂ ਬਾਟੀਆਂ 'ਚ ਉਲੱਦੀ ਚਾਹ ਪੀਂਦਿਆਂ ਦੋਵਾਂ ਨੇ ਮਾਸਾ-ਮਾਸਾ ਮਾਵਾ ਵੀ ਛਕਿਆ ਤੇ ਫਿਰ ਜੱਗ-ਜਹਾਨ ਦੀਆਂ ਗੱਲਾਂ ਦੇਰ ਤੱਕ ਕਰਦੇ ਰਹੇ, ਉਦੋਂ ਤੱਕ ਜਦੋਂ ਤੱਕ ਕਈ ਹੋਰ ਬੰਦੇ ਰਾਜੇ ਸੁਰਜਣ ਦੀ ਚੌਂਕੀ ਭਰਨ ਨਹੀਂ ਆ ਗਏ।

ਚੌਲ਼ਾਂ ਦੀ ਦੇਗ ਬਣਾਉਣ ਵੇਲ਼ੇ ਸੁੱਚਾ ਹੀ ਸੁਰਜਣ ਦਾ ਸਹਾਇਕ ਹੋਇਆ ਕਰਦਾ ਸੀ। ਉਹ ਭੱਠੀ ਬਾਲ਼ਦਾ, ਮਘਾਉਂਦਾ ਤੇ ਫਿਰ ਅੱਗ ਨੂੰ ਲੋੜ ਮੂਜਬ ਘੱਟ-ਵੱਧ ਕਰਦਾ। ਚੌਲ਼ਾਂ ਨੂੰ ਭਾਫ਼ ਨਾਲ ਤਿਆਰ ਕਰਦਾ ਸੀ ਸੁਰਜਣ। ਕੜਾਹੇ ਵਿਚ ਜਦੋਂ ਬੇਮਲੂਮਾ ਜਿਹਾ ਪਾਣੀ ਰਹਿ ਜਾਂਦਾ ਤਾਂ ਇਹਨੂੰ ਮਲਮਲ ਦੇ ਕੱਪੜਿਆਂ ਨਾਲ ਢਕ ਦਿੱਤਾ ਜਾਂਦਾ।ਮਲਮਲ ਦੇ ਕੱਪੜੇ ਉੱਪਰੋਂ ਚਿੱਟੀ ਭਾਫ਼ ਬਾਹਰ ਉੱਡਦੀ ਤਾਂ ਉਹਦੇ ਵਿਚ ਲੌਂਗਾ ਦੀ ਮਹਿਕ ਵੀ ਘੁਲ਼ੀ ਹੁੰਦੀ। ਦੇਗ਼ ਤਿਆਰ ਹੁੰਦੀ, ਮਿੱਠੇ ਚੌਲ਼ ਨਿਆਣੇ ਤਾਂ ਝੱਗਿਆਂ ਦੀਆਂ ਝੋਲੀਆਂ 'ਚ ਹੀ ਪੁਆ ਲੈਂਦੇ, ਸਿਆਣੇ ਮੋਢੇ ਧਰੇ ਸਮੋਸਿਆਂ ਵਿੱਚ, ਕੁਝ ਕੁ ਕੋਲ ਹੀ ਬਾਟੀਆਂ ਹੁੰਦੀਆਂ। ਖਿੱਲਰਵੇਂ ਚੌਲ਼ ਮਜ਼ਾਲ ਕੀ ਜੇ ਕੱਪੜਿਆਂ ਉੱਪਰ ਕੋਈ ਅਸਰ ਕਰ ਜਾਣ। ਖਾਣ ਵਾਲੇ ਰੱਬ ਦਾ ਸ਼ੁਕਰ ਕਰਦੇ, ਦਾਨੀ ਪੁਰਸ਼ ਨੂੰ ਅਸੀਸਾਂ ਦਿੰਦੇ,

ਇਹ ਕਹਿਣ ਤੋਂ ਵੀ ਉੱਕਦੇ ਨਾ, 'ਨਹੀਂ ਰੀਸਾਂ ਓਏ ਸੁਰਜਣ ਸਿਆਂ ਤੇਰੀਆਂ!' ਦੇਗ਼ ਨੂੰ ਵਰਤਾਵਿਆਂ ਸਪੁਰਦ ਕਰਕੇ ਸੁਰਜਣ ਆਪਣਾ ਹੁੱਕਾ ਲੈ ਕੇ ਘਰ ਆ ਵੜਦਾ, ਸੁੱਚੇ ਨੂੰ ਵਰਤਾਵਿਆਂ ਦੀ ਅਗਵਾਈ ਕਰਨ ਲਈ ਪਿੱਛੇ ਦਾਨੀ ਪਰਿਵਾਰ ਦੇ ਘਰ ਛੱਡ ਆਉਂਦਾ।

ਵਿਆਹ ਸ਼ਾਦੀ ਤੋਂ ਪਹਿਲੇ ਦਿਨ ਪਿੰਡ ਨੂੰ ਦਿੱਤੀ ਜਾਂਦੀ ਰੋਟੀ ਤਿਆਰ ਕਰਨ ਵਿੱਚ ਵੀ ਸੁਰਜਣ ਦਾ ਕੋਈ ਸਾਨੀ ਨਹੀਂ ਸੀ। ਸੂਜੀ ਦਾ ਹਲਵਾ ਤੇ ਮਾਂਹ ਛੋਲਿਆਂ ਦੀ ਦਾਲ ਉਹ ਪਤਾ ਨਹੀਂ ਕਿਹੜੇ ਫਾਰਮੂਲੇ ਨਾਲ ਬਣਾਉਂਦਾ ਸੀ ਕਿ ਉਹਦੇ ਇਹ ਪਕਵਾਨ ਮੂੰਹੋਂ ਨਹੀਂ ਸਨ ਲਹਿੰਦੇ, ਨਾਲ ਕਾਗ਼ਜ਼ ਵਰਗੇ ਮੰਡੇ ਸ਼ਰੀਕੇ ਦੀਆਂ ਤੀਵੀਂਆਂ ਪਕਾ ਦਿੰਦੀਆਂ। ਸੁੱਚਾ ਚੁਰ 'ਚ ਮੱਠੀ-ਮੱਠੀ ਅੱਗ ਬਾਲੀ ਰੱਖਦਾ। ਮੰਡਿਆਂ ਦੀਆਂ ਟੋਕਰੀਆਂ ਭਰ ਜਾਂਦੀਆਂ। ਮੰਡਿਆਂ ਦੇ ਵਿਚਕਾਰ ਹਲਵਾ ਪਾ ਕੇ, ਸੈਂਡਵਿਚ-ਨੁਮਾ ਪਰੋਸੇ ਤਿਆਰ ਕਰਕੇ, ਪਿੰਡ ਵਿਚ ਚੱਕਵੀਂ ਰੋਟੀ, ਜਦੋਂ ਧਨ ਕੁਰ ਜੀਂਦੀ ਸੀ, ਆਪ ਘਰ-ਘਰ ਪੁਚਾ ਕੇ ਆਉਂਦੀ। ਨੇੜਲੇ ਘਰਾਂ ਨੂੰ ਚੁੱਲ੍ਹਾ ਨਿਉਂਦਾ ਹੁੰਦਾ, ਉਹ ਘਰ ਆ ਕੇ ਰੋਟੀ ਖਾ ਕੇ ਜਾਂਦੇ। ਘਰ-ਘਰ ਰੋਟੀ ਪਹੁੰਚਾਉਣ ਵਾਲਾ ਕੰਮ ਧਨ ਕੁਰ ਬੜੀ ਜ਼ਿੰਮੇਵਾਰੀ ਨਾਲ ਨਿਭਾਉਂਦੀ ਸੀ। ਉਦੋਂ ਸੁਰਜਣ ਵੀ ਦੇਰ ਤੱਕ ਵਿਆਹ ਵਾਲੇ ਘਰ ਬੈਠਾ ਰਹਿੰਦਾ ਸੀ। ਹੁਣ ਤਾਂ ਜਿਉਂ ਹੀ ਉਹਦਾ ਕੰਮ ਨਿੱਬੜਦਾ, ਉਹ ਆਪਣੇ ਘਰ ਨੂੰ ਮੁੜ ਜਾਂਦਾ। ਆਉਂਦਾ ਹੋਇਆ ਭੱਠੀ ਦੀਆਂ ਦਗ਼ਦੀਆਂ ਅੰਗਿਆਂਰੀਆਂ ਚਿਲਮ 'ਚ ਜ਼ਰੂਰ ਧਰ ਲਿਆਉਂਦਾ। ਬੁੜ੍ਹੀਆਂ ਫਿਰ ਗੱਲਾਂ ਕਰਦੀਆਂ, "ਬੇਚਾਰਾ, ਧਨ ਕੁਰ ਦਾ ਬਾਹਲਾ ਵੈਰਾਗ ਕਰਦੈ।" ਮੁਕੰਦੇ ਹੋਰੀਂ ਉਹਨੂੰ ਇਹ ਗੱਲ ਦੱਸਦੇ ਤੇ ਨਾਲੇ ਆਖਦੇ, "ਖੰਭਾਂ ਦੀਆਂ ਡਾਰਾਂ ਨਾ ਬਣਾਉਣ ਤਾਂ ਇਨ੍ਹਾਂ ਨੂੰ ਤੀਮੀਂਆਂ ਕੌਣ ਕਹੇ?"

ਜਦੋਂ ਦੀ ਧਨ ਕੁਰ ਸਦੀਵੀਂ ਵਿਛੋੜਾ ਦੇ ਗਈ ਸੀ, ਸੁਰਜਣ ਦਾ ਘਰ ਤਾਂ ਜਾਣੀ ਅੱਡਾ ਹੀ ਬਣ ਗਿਆ ਸੀ। ਉਹਦੇ ਕੋਲ ਉਨ੍ਹਾਂ ਲੋਕਾਂ ਦਾ ਆਉਣ-ਜਾਣ ਆਮ ਹੋ ਗਿਆ ਸੀ, ਜਿਹੜੇ ਸੰਨ ਸੰਤਾਲੀ ਵੇਲ਼ੇ ਕਾਫ਼ਲੇ ਵੱਢਣ ਗਏ ਸਨ। ਲੁੱਟਾਂ-ਖੋਹਾਂ ਇਨ੍ਹਾਂ ਨੇ ਧਰਮ ਸਮਝ ਕੇ ਕੀਤੀਆਂ ਸਨ। ਸਭ ਵੈਲੀ ਸਨ, ਨਸ਼ੇ-ਪੱਤੇ ਕਰਦੇ ਸਨ, ਸੁਰਜਣ ਕੋਲੋਂ ਸ਼ੁਕੀਨਾਂ ਵਾਲੀ ਦਿੱਖ ਬਣਵਾਉਂਦੇ ਸਨ। ਸੁਰਜਣ ਦੇ ਛੋਟੇ-ਮੋਟੇ ਕੰਮ ਕਰਦੇ ਰਹਿੰਦੇ ਤੇ ਪੋਸਤ ਵੀ ਲਿਆ ਕੇ ਦਿੰਦੇ। ਹੁੱਕੇ ਦੇ ਕਸ਼ ਖਿੱਚਦੇ ਉਹ ਕਈ ਕਈ ਘੰਟੇ ਯੱਕੜ ਵੱਢਦੇ ਰਹਿੰਦੇ। ਸੁਰਜਣ ਦੇ ਘਰ ਦੀ ਅਰਲ ਖੁੱਲ੍ਹੀ ਰਹਿੰਦੀ ਪਰ ਬੂਹਾ ਹਮੇਸ਼ਾ ਭੇੜਿਆ ਰਹਿੰਦਾ, ਜਿਵੇਂ ਅੰਦਰ ਬੈਠਣ ਵਾਲਾ ਬਾਹਰਲਿਆਂ ਵੱਲੋਂ ਦੇਖ ਨਾ ਲਿਆ ਜਾਵੇ, ਇਹ ਤਾਂ ਬਸ ਸੁਰਜਣ ਦੇ ਘਰ ਦੀ ਮਰਯਾਦਾ ਹੀ ਸੀ, ਉਂਜ ਅੰਦਰ ਬੈਠਣ ਵਾਲੇ ਕਿਸ ਕਰਤੂਤ ਦੇ ਮਾਲਕ ਸਨ, ਸਭ ਨੂੰ ਪਤਾ ਹੀ ਸੀ।

ਧਨ ਕੁਰ ਜਿਉਂਦੀ ਤੱਕ ਸੁਰਜਣ ਨੂੰ ਮਿਲਣ ਦੋ ਜਣੇ ਉਹਦੇ ਰਿਸ਼ਤੇਦਾਰ ਹੀ ਅਕਸਰ ਆਇਆ ਕਰਦੇ ਸਨ। ਇੱਕ ਉਹਦਾ ਰਿਸ਼ਤੇਦਾਰ ਸੁਣੀਂਦਾ ਸੀ, ਹਜਾਮਤ ਕਰਵਾਉਣ ਆਏ ਨਿਆਣੇ ਉਹਨੂੰ ਮਾਮਾ ਆਖ ਕੇ ਸੱਦਦੇ ਸਨ। ਉਹਦਾ ਚੱਕਰ ਬਹੁ-ਮੰਤਵੀ ਹੁੰਦਾ ਸੀ, ਉਹ ਸਾਈਕਲ ’ਤੇ ਆਉਂਦਾ ਜਿਸ ਉੱਪਰ ਇਕ ਮਜ਼ਬੂਤ ਸਣ ਦਾ ਰੱਸਾ ਵਲ੍ਹੇਟ ਕੇ ਟੰਗਿਆ ਹੁੰਦਾ, ਇਕ ਡੰਡਾ ਫਰੇਮ ਵਿੱਚ ਫਸਾਇਆ ਹੁੰਦਾ, ਮੂਹਰੇ ਹੈਂਡਲ ਨਾਲ ਇਕ ਝੋਲਾ ਲਟਕਦਾ ਹੁੰਦਾ। ਇਹ ਬਲ਼ਦਾ ਦੇ ਖੁਰੀਆਂ ਲਾਉਂਦਾ, ਊਠ, ਖੱਚਰਾਂ, ਘੋੜੇ-ਘੋੜੀਆਂ ਨੂੰ ਮੁੰਨ ਜਾਂਦਾ। ਆਪਣੇ ਕੰਮ ਦਾ ਬਹੁਤ ਮਾਹਿਰ ਸੀ ਇਹ ਮਾਮਾ, ਪਹਿਲਾਂ ਬੜੀ ਸਫ਼ਾਈ ਨਾਲ ਜਾਨਵਰ ਦੇ ਵਧੇ ਹੋਏ ਖੁਰ ਕੱਟਦਾ, ਫਿਰ ਖੁਰੀਆਂ ਲਾਉਂਦਾ। ਤਕੜੇ ਫੁਰਤੀਲੇ ਬਲ਼ਦਾ ਤੇ ਅਲਕ ਵਹਿੜਕਿਆਂ ਨੂੰ ਵੀ ਉਹ ਅੱਖ ਦੇ ਫੋਰ ਵਿੱਚ ਹੀ ਆਪਣੇ ਡੰਡੇ ਤੇ ਰੱਸੇ ਦੀ ਜੁਗਤ ਨਾਲ ਜ਼ਮੀਨ ’ਤੇ ਸੁੱਟ ਲੈਂਦਾ ਤੇ ਫਿਰ ਖੁਰੀਆਂ ਲਾਉਣ ਤੱਕ ਜਾਨਵਰ ਨੂੰ ਹਿੱਲਣ ਨਾ ਦਿੰਦਾ। ਇੱਕ-ਦੋ ਦਿਨ ਕੰਮ ਤੋਂ ਮਗਰੋਂ ਸੁਰਜਣ ਦੇ ਘਰ ਆ ਜਾਂਦਾ, ਦੋਵੇਂ ਇਕੱਠੇ ਧਨ ਕੁਰ ਦੇ ਹੱਥ ਦੀ ਪੱਕੀ ਰੋਟੀ ਖਾਂਦੇ। ਧਨ ਕੁਰ ਮਗਰੋਂ ਮਾਮਾ ਵੀ ਇਸ ਘਰ ਤੋਂ ਮੂੰਹ ਮੋੜ ਗਿਆ।

ਸੁਰਜਣ ਦੀ ਭੈਣ ਵੀ ਵਰ੍ਹੇ ਛਿਮਾਹੀ ਗੇੜਾ ਮਾਰ ਜਾਂਦੀ ਸੀ। ਸੁਣਿਆ ਸੀ ਕਿ ਉਹ ਮਰ ਕੇ ਜਿਉਂਦੀ ਹੋਈ ਸੀ, ਜਮਦੂਤ ਗਲਤੀ ਨਾਲ ਉਹਨੂੰ ਲੈ ਗਏ ਸਨ ਤੇ ਫਿਰ ਛੱਡ ਗਏ ਸਨ। ਨਿਆਣਿਆਂ ਨੂੰ ਜਗਿਆਸਾ ਸੀ ਕਿ ਭੂਆ ਉਨ੍ਹਾਂ ਨੂੰ ਜਮਦੂਤਾਂ ਦਾ ਹੁਲੀਆ ਦੱਸੇ। ਇਹ ਵੀ ਦੱਸੇ ਕਿ ਉਹ ਉਹਨੂੰ ਕਿਵੇਂ ਲੈ ਕੇ ਗਏ ਤੇ ਕਿਵੇਂ ਛੱਡ ਕੇ ਗਏ। ਪਰ ਭੂਆ ਨੇ ਕਦੇ ਕੋਈ ਉਨ੍ਹਾਂ ਦੀ ਜਗਿਆਸਾ ਨੂੰ ਸ਼ਾਂਤ ਕਰਨ ਵਾਲੀ ਗੱਲ ਨਾ ਕੀਤੀ। ਭੂਆ ਸੁਰਜਣ ਦੇ ਯਾਰਾਂ ਬੇਲੀਆਂ ਦੇ ਤੌਰ ਤਰੀਕੇ ਦੇਖ ਕੇ ਭਮੰਤਰ ਜਿਹੀ ਗਈ ਸੀ। ਉਹ ਆਸ-ਗੁਆਂਢ ਆਖ ਗਈ ਸੀ “ਬਾਈ ਦਾ ਤੁਸੀਂ ਹੀ ਖਿਆਲ ਰੱਖਿਓ, ਏਥੇ ਘਰ ’ਚ ਤਾਂ ਮੈਨੂੰ ਚੱਜ ਬਹੁਤੇ ਚੰਗੇ ਨਹੀਂ ਲੱਗਦੇ...।” ਸੁਰਜਣ ਦੀ ਭੈਣ ਨੇ ਵੀ ਵਰ੍ਹੇ ਛਿਮਾਹੀ ਗੇੜਾ ਬੰਦ ਕਰ ਦਿੱਤਾ। ਹੁਣ ਤਾਂ ਸੁਰਜਣ ਜੁੰਡੀ ਦੇ ਯਾਰਾਂ ਜੋਗਾ ਹੀ ਸੀ ਫਿਰ ਵੀ ਉਹ ਪਿੰਡ ਦਾ ਦਾਨਾ ਪੁਰਸ਼ ਸੀ। ਔਰਤਾਂ ਉਹਨੂੰ ਦੇਖ ਕੇ ਸਿਰ ’ਤੇ ਪੱਲਾ ਕਰ ਲੈਂਦੀਆਂ। ਮੰਗਣੇ-ਵਿਆਹਾਂ ਵਿੱਚ ਉਹਦੀ ਸਲਾਹ ਦੀ ਕਦਰ ਕੀਤੀ ਜਾਂਦੀ। ਸਾਹੇ ਚਿੱਠੀ ਭੇਜਣੀ ਹੋਵੇ ਜਾਂ ਭੇਲੀ, ਰਿਸ਼ਤੇਦਾਰੀਆਂ ਵਿੱਚ ਉਸਨੂੰ ਹੀ ਭੇਜਿਆ ਜਾਂਦਾ।

ਪੈਰਾਂ ਭਾਰ ਬੈਠ ਹੁੱਕੇ ਦੇ ਸੂਟੇ ਖਿੱਚ ਰਹੇ ਸੁਰਜਣ ਦੇ ਕੋਲ ਕਰਕੇ ਕੰਧ ਨਾਲ ਖੜ੍ਹੀ ਮੰਜੀ ਡਾਹ ਮੁਕੰਦਾ ਤਸੱਲੀ ਨਾਲ ਬੈਠ ਗਿਆ। ਸੁਰਜਣ ਹੱਥੋਂ ਨੜੀ

ਫੜ ਕੇ ਉਹਨੇ ਵੀ ਦੋ ਚਾਰ ਸੂਟੇ ਖਿੱਚੇ ਤੇ ਫਿਰ ਨੜੀ ਵਾਪਸ ਕਰਕੇ ਸੰਜੀਦਗੀ ਨਾਲ ਬੋਲਿਆ, "ਲੈ ਕਿਸੇ ਦਾ ਕੀ ਮੂੰਹ ਫੜ ਲੈਣੈ, ਤੀਮੀਂਆਂ ਕਹਿੰਦੀਆਂ, ਸੁਰਜਣ ਬੂਹਾ ਬੰਦ ਕਰਕੇ ਸੰਦੂਕ 'ਚੋਂ ਧਨ ਕੁਰ ਦੇ ਘੱਗਰੇ, ਕੁੜਤੀਆਂ ਬਾਹਰ ਕੱਢ ਕੇ ਖਿਲਾਰ ਦਿੰਦਾ, ਫਿਰ ਕਿੰਨਾ ਕਿੰਨਾ ਚਿਰ ਖਾਲੀ ਸੰਦੂਕ 'ਚ ਹੀ ਝਾਕੀ ਜਾਂਦਾ, ਜਿਮੇਂ ਉਥੋਂ ਕੁਝ ਲੱਭ ਰਿਹਾ ਹੋਵੇ। ਇਹ ਉੱਘ ਦੀਆਂ ਪਤਾਲ ਨਹੀਂ ਤਾਂ ਹੋਰ ਕੀ ਐ ਰਾਜਾ!"

"ਬਸ, ਬਸ, ਤੂੰ ਆਪ ਸਿਆਣੈ ਮੁਕੰਦਿਆ" ਆਖ ਕੇ ਸੁਰਜਣ ਚੁੱਪ ਕਰ ਰਿਹਾ। ਮੁਕੰਦਾ ਵੀ ਆਪਣੀ ਗੱਲ ਮੁਕਾ ਕੇ ਚੁੱਪ ਕਰ ਗਿਆ। ਜਦੋਂ ਤੱਕ ਹੋਰ ਢਾਣੀ ਨਾ ਆ ਜੁੜੀ ਉਦੋਂ ਤੱਕ ਉਥੇ ਸਿਰਫ਼ ਹੁੱਕੇ ਦੀ ਗੁੜ-ਗੁੜ ਦੀ ਆਵਾਜ਼ ਹੀ ਸੀ। ਹਨੇਰਾ ਹੋਣ ਤੱਕ ਆਉਣ-ਜਾਣ ਦਾ ਸਿਲਸਿਲਾ ਬਣਿਆ ਰਿਹਾ। ਸੁੱਚਾ ਗਿਆ ਤਾਂ ਸੁਰਜਣ ਨੂੰ ਚੇਤਾ ਕਰਵਾ ਗਿਆ, "ਮਖ਼ਾਂ ਰਾਜਾ, ਕੱਲ੍ਹ ਨੂੰ ਬਰਾੜਾਂ ਦੇ ਮੁੰਡੇ ਦਾ ਮੰਗਣੈਂ, ਤਿਆਰ ਰਹੀਂ, ਮੈਂ ਕਹੇਂ ਤਾਂ ਸਿੱਧਾ ਮੰਗਣੇ ਆਲੇ ਘਰ ਪਹੁੰਚ ਜੂੰ, ਕਹੇਂ ਤਾਂ ਪਹਿਲਾਂ ਤੇਰੇ ਕੋਲ ਆ ਜਾਊਂ।"

"ਤੂੰ ਏਥੇ ਈ ਆ ਜੀਂ....'ਕੱਠੇ ਚੱਲਾਂਗੇ" ਸੁਰਜਣ ਦਾ ਜਵਾਬ ਪਾ ਕੇ ਸੁੱਚਾ ਘਰ ਨੂੰ ਤੁਰ ਗਿਆ।

ਅਗਲੇ ਦਿਨ ਸਿਰ 'ਤੇ ਚਿੱਟੀ ਪੱਗ ਸਜਾਈ, ਡੱਬੀਦਾਰ ਚਾਦਰੇ ਨਾਲ ਕੜਾਹ ਰੰਗਾ ਕੁੜਤਾ ਪਾਈ ਸੁਰਜਣ ਸੁੱਚੇ ਆਉਂਦੇ ਨੂੰ ਤਿਆਰ ਬੈਠਾ ਸੀ। ਦੋਵਾਂ ਨੇ ਹੁੱਕੇ ਦੇ ਸੂਟੇ ਲਾਏ। ਗੁਆਂਢੀਆਂ ਘਰੋਂ ਆਈ ਚਾਹ ਨਾਲ ਥੋੜ੍ਹੀ-ਥੋੜ੍ਹੀ ਨਾਗਣੀ ਛਕੀ ਤੇ ਮੰਗਣੇ ਵਾਲੇ ਘਰ ਰਵਾਨਾ ਹੋ ਗਏ।

ਮੰਗਣਾ ਕਰਨ ਆਇਆਂ ਨੂੰ ਸੁਰਜਣ ਪਹਿਲਾਂ ਹੀ ਜਾਣਦਾ ਸੀ। ਦੋਵਾਂ ਪਰਿਵਾਰਾਂ ਦੀ ਚੱਲਦੀ ਰਹੀ ਗੱਲਬਾਤ 'ਚ ਉਹ ਸੂਤਰਧਾਰ ਦੀ ਭੂਮਿਕਾ ਨਿਭਾਉਂਦਾ ਰਿਹਾ ਸੀ।

ਸੁੱਚੇ ਨੇ ਦਰੀਆਂ-ਚਾਦਰਾਂ ਠੀਕ ਢੰਗ ਨਾਲ ਵਿਛਾਈਆਂ। ਚੌਂਕੀ ਦੀ ਦਿਸ਼ਾ ਸਹੀ ਕੀਤੀ। ਚੌਂਕੀ ਉੱਪਰ ਚਿੱਟੀ ਚਾਦਰ ਵਿਛਵਾਈ। ਸ਼ਗਨ ਪਾਉਣ ਆਏ ਚੌਧਰੀਆਂ ਲਈ ਚੌਂਕੀ ਦੇ ਅੱਗੇ ਵਿਸ਼ੇਸ਼ ਚਾਦਰ ਵਿਛਵਾਈ। ਸਪੀਕਰ ਤੋਂ ਪਿੰਡ ਵਿੱਚ ਸ਼ਗਨ ਪੈਣ ਦੀ ਸੂਚਨਾ ਵੀ ਭਿਜਵਾਈ। ਚੌਂਕੀ ਦੇ ਸਾਹਮਣੇ ਬੰਦੇ ਇਕ ਪਾਸੇ ਤੇ ਮਾਈਆਂ ਇਕ ਪਾਸੇ ਬੈਠੀਆਂ। ਪਿੱਛੇ ਕਰਕੇ ਨਿਆਣੇ ਬੈਠੇ ਸਨ। ਉਨ੍ਹਾਂ ਸ਼ਗਨ ਨਹੀਂ ਸੀ ਪਾਉਣਾ, ਪਰ ਸ਼ਗਨ ਮਗਰੋਂ ਪਤਾਸੇ ਉਨ੍ਹਾਂ ਨੂੰ ਵੀ ਵਰਤਾਏ ਜਾਣੇ ਸਨ।

ਸੁਰਜਣ ਨੇ ਮਰਯਾਦਾ ਨਾਲ ਜੀਤ ਸਿਉਂ ਨੂੰ ਚੌਂਕੀ ਉੱਪਰ ਬਿਠਾਇਆ। ਉਹਦੇ ਮੋਢੇ ਰੱਖੇ ਸਾਫ਼ੇ ਦਾ ਅਗਲਾ ਲੜ ਉਹਦੀ ਝੋਲੀ ਵਿੱਚ ਖੋਲ੍ਹਿਆ। ਬਣ

ਰਹੇ ਨਵੇਂ ਸਬੰਧ ਦੀ ਜਾਣਕਾਰੀ ਭਾਈਚਾਰੇ ਤੇ ਪਿੰਡ ਨੂੰ ਦਿੱਤੀ।ਜੋੜੀ ਦੀ ਲੰਮੀ ਉਮਰ ਦੀ ਦੁਆ ਕੀਤੀ। ਦੁਆ ਮੰਗਦਿਆਂ ਉਹਦੀਆਂ ਅੱਖਾਂ ਗਿੱਲੀਆਂ ਹੋ ਗਈਆਂ ਸਨ। ਪਰ ਉਹਨੇ ਛੇਤੀ ਹੀ ਆਪਣੇ ਆਪ ਨੂੰ ਸੰਭਾਲ ਲਿਆ। ਆਖ਼ਰ ਸ਼ਗਨਾਂ ਦਾ ਕਾਰਜ ਸੀ ਇਹ। ਮੁੰਡੇ ਦੀ ਝੋਲੀ ਸ਼ਗਨ ਪਿਆ, ਲੋਕਾਂ ਸ਼ਗਨ ਪਾਏ। ਸ਼ਗਨ ਪਾਉਣ ਵਾਲਿਆਂ ਨੂੰ ਪਤਾਸਿਆਂ ਨਾਲ ਭਰੇ ਲਿਫ਼ਾਫ਼ੇ ਵਰਤਾਏ ਗਏ। ਕਾਰਜ ਪੂਰੇ ਹੋਏ। ਸੁਰਜਣ ਨੇ ਆਪਣਾ ਲਾਗ ਲਿਆ ਤੇ ਸੁੱਚੇ ਨੂੰ ਨਾਲ ਲੈ ਕੇ ਘਰ ਨੂੰ ਤੁਰ ਪਿਆ। ਵਾਪਸ ਮੁੜਦੇ ਮਰਦਾਂ-ਤੀਵੀਂਆਂ ਕੋਲ਼ੋਂ ਜਦੋਂ ਸੁਰਜਣ ਗ਼ੁਜ਼ਰ ਰਿਹਾ ਸੀ ਤਾਂ ਤੀਵੀਂਆਂ, ਜਿਨ੍ਹਾਂ ਦੀ ਪਿੱਠ ਸੁਰਜਣ ਵੱਲ ਸੀ, ਉਹਦੀਆਂ ਹੀ ਗੱਲਾਂ ਕਰੀ ਜਾ ਰਹੀਆਂ ਸਨ। ਇਕ ਆਖ ਰਹੀ ਸੀ, "ਬੇਚਾਰਾ ਬਾਹਲਾ ਈ ਹੇਰ੍ਹਵਾ ਕਰਦੈ ਧਨ ਕੁਰ ਦਾ।"

"ਹਾਂ, ਹਾਂ, ਅੱਖਾਂ ਨਮ ਸੀ ਉਹਦੀਆਂ।" ਬਾਕੀਆਂ ਨੇ ਵੀ ਹਾਮੀ ਭਰੀ

ਸੁਣ ਕੇ, ਸੁਰਜਣ ਠਠੰਬਰ ਜਿਹਾ ਗਿਆ, ਉਹਨੂੰ ਜਾਪਿਆ ਜਿਵੇਂ ਤੀਵੀਂਆਂ ਉਹਦੀ ਥੱਕੀ-ਹਾਰੀ ਰੂਹ ਨੂੰ... ਉਹਦੇ ਇਕਲਾਪੇ ਨੂੰ, ਕੋਈ ਸ਼ੀਸ਼ਾ ਦਿਖਾ ਰਹੀਆਂ ਹੋਣ।

ਲਾਟ

ਅੰਮਾ ਨੈਣੋਂ ਨੇ ਜ਼ੋਰਦਾਰ ਛਿੱਕਾਂ ਮਾਰੀਆਂ ਤਾਂ ਉਹਦੀ ਛੰਨ ਤਾਂ ਕੀ ਆਸ-ਪਾਸ ਦੀਆਂ ਛੰਨਾਂ ਵੀ ਕੰਬ ਗਈਆਂ। ਨੈਣੋਂ ਗਿੱਦੜਬਾਹੇ ਦੀ ਬਣੀ ਹੋਈ ਪੰਜ ਤਾਰਾ ਨਸਵਾਰ ਛਿੱਕਦੀ ਸੀ। ਕੁੜਤੀ ਦੇ ਖੀਸੇ 'ਚੋਂ ਡੱਬੀ ਕੱਢ ਢੱਕਣ ਖੋਲ੍ਹਦੀ ਤੇ ਚੁਟਕੀ ਭਰ ਨਾਸਾਂ 'ਚ ਰੱਖ ਕੇ ਜ਼ੋਰ ਦੀ ਅੰਦਰ ਨੂੰ ਸੁਰਕੜਾ ਜਿਹਾ ਮਾਰਦੀ ਤੇ ਨਾਲ ਹੀ ਕਰਾਰੀਆਂ ਛਿੱਕਾਂ ਮਾਰਦੀ, ਇਉਂ ਉਹਦਾ ਸਰੀਰ ਖੁੱਲ੍ਹ ਜਾਂਦਾ। ਪੀਸੇ ਹੋਏ ਤੰਬਾਕੂ ਦਾ ਨਸ਼ਾ ਉਹਦੀਆਂ ਰਗਾਂ 'ਚ ਦੌੜਣ ਲੱਗਦਾ ਤਾਂ ਉਹ ਕੁਝ ਨਾ ਕੁਝ ਕਰਨ ਲਈ ਉਤਾਵਲੀ ਹੋ ਜਾਂਦੀ। ਗੁਆਂਢ ਦੀ ਝੁੱਗੀ ਵਾਲਿਆਂ ਨਾਲ ਲੜਾਈ ਨੂੰ ਉਹ ਆਪਣੇ ਸਭ ਤੋਂ ਜ਼ਰੂਰੀ ਕੰਮਾਂ 'ਚੋਂ ਇੱਕ ਸਮਝਦੀ ਤੇ ਦੂਜੇ ਪਾਸੇ ਬੀਰੋ ਬਾਈ ਵੀ ਉਹਦੇ ਨਾਲੋਂ ਵੱਖਰੀ ਨਹੀਂ ਸੀ।

ਅੰਮਾਂ ਨੈਣੋਂ ਤੇ ਬੀਰੋ ਬਾਈ ਦੀਆਂ ਛੰਨਾਂ ਇਉਂ ਬਣੀਆਂ ਹੋਈਆਂ ਸਨ ਜਿਵੇਂ ਇਕ ਛੰਨ ਦੇ ਦੋ ਹਿੱਸੇ ਕੀਤੇ ਗਏ ਹੋਣ। ਦੋਵਾਂ ਛੰਨਾਂ ਦੇ ਅੱਗੇ ਵਿਹੜੇ ਸਨ। ਇਕ ਨੀਵੀਂ ਜਿਹੀ ਕੱਚੀ ਕੰਧ ਦੋਵਾਂ ਵਿਹੜਿਆਂ ਨੂੰ ਵੱਖੋ-ਵੱਖ ਕਰਦੀ ਸੀ। ਛੰਨਾਂ ਦੇ ਦਰਵਾਜਿਆਂ ਦੇ ਨਾਲ-ਨਾਲ ਦੋਵਾਂ ਦੇ ਚੁੱਲ੍ਹੇ-ਚੌਂਕੇ ਸਨ। ਬਾਕੀ ਵਿਹੜੇ ਵਿੱਚ ਮਾਲ-ਡੰਗਰ ਲਈ ਖੁਰਲੀਆਂ, ਸਿਆਲਾਂ ਵਿੱਚ ਪਸ਼ੂ ਬੰਨ੍ਹਣ ਲਈ ਕੋਠੇ ਤੇ ਮੁਰਗੀਆਂ ਲਈ ਖੁੱਡੇ ਬਣੇ ਹੋਏ ਸਨ। ਦੋਹਾਂ ਘਰਾਂ ਦੇ ਵਿਹੜਿਆਂ ਵਿੱਚ ਕੁੱਤੇ ਨ.ਲਕੇ ਲੱਗੇ ਹੋਏ ਸਨ।

ਨੈਣੋਂ ਨਸਵਾਰ ਛਿੱਕ ਕੇ ਹਟੀ ਹੀ ਸੀ ਜਦੋਂ ਬਾਲ-ਅੰਞਾਣੇ ਬਾਬੂ ਨੇ ਆ ਖ਼ਬਰ ਦਿੱਤੀ।

"ਅੰਮਾ ਤੇਰੀ ਪਥਕਣ ਬੀਰੋ ਦੀਆਂ ਕੁਕੜੀਆਂ ਫਰੋ.ਲ ਦਿੱਤੀ, ਸਾਰੀਆਂ ਪਾਥੀਆਂ ਦਾ ਨਾਸ ਮਾਰ ਦਿੱਤਾ ਊ।"

ਖ਼ਬਰ ਦੇ ਕੇ ਬਾਬੂ ਤਾਂ ਅਲੋਪ ਹੋ ਗਿਆ ਪਰ ਪਿੱਛੇ ਇੱਕ ਤੂਫ਼ਾਨ ਖੜ੍ਹਾ ਕਰ ਗਿਆ। ਨੈਣੋਂ ਨੇ ਆਪਣੀ ਛੰਨ ਦੇ ਦਰ 'ਤੇ ਖੜ੍ਹੀ-ਖੜ੍ਹੀ ਨੇ ਵਿਹੜੇ ਦੇ ਸਿਰੇ 'ਤੇ ਆਪਣੀ ਪਥਕਣ ਉੱਪਰ ਨਜ਼ਰ ਮਾਰੀ। ਪਲ ਦੀ ਪਲ ਉਹਨੂੰ ਜਾਪਿਆ ਜਿਵੇ ਉਹਦਾ ਬਾਗ਼ ਕਿਸੇ ਉਜਾੜ ਦਿੱਤਾ ਹੋਵੇ। ਬਸ ਫਿਰ ਕੀ ਸੀ, ਨੈਣੋਂ ਨੇ ਬੀਰਾ ਬਾਈ ਨੂੰ ਵੰਗਾਰਿਆ।ਗੰਦੀਆਂ ਗਾਲ੍ਹਾਂ ਦਾ ਅਦਾਨ-ਪ੍ਰਦਾਨ ਹੋਇਆ, ਧਮਕੀਆਂ ਤੱਕ ਨੌਬਤ ਆ ਪਹੁੰਚੀ ਤਾਂ ਨੈਣੋਂ ਨੇ ਤੈਸ਼ 'ਚ ਆ ਕੇ ਕਿਹਾ, "ਆ ਲੈਣ ਦੇ ਤੇਰੇ ਪਤੰਦਰ ਨੂੰ!" ਇਹੋ ਧਮਕੀ ਅੱਗੋਂ ਬੀਰਾ ਬਾਈ ਨੇ

ਦਿੱਤੀ ਤੇ ਗੱਲ ਤੈਅ ਹੋ ਗਈ ਕਿ ਮਾਮਲਾ ਹੁਣ ਬੰਦਿਆਂ ਦੀ ਲੜਾਈ ’ਚ ਬਦਲੇਗਾ। ਦੋਵਾਂ ਦੇ ਬੰਦੇ ਡੰਗਰ ਚਾਰਨ ਗਏ ਹੋਏ ਸਨ।

ਨੈਣੋਂ ਦਾ ਖਾਵੰਦ ਸ਼ੇਰੂ ਤੇ ਬੀਰਾ ਬਾਈ ਦਾ ਖਾਵੰਦ ਮੋਹਣੀ ਦਿਨ ਢਲੇ ਮਾਲ-ਡੰਗਰ ਚਾਰ ਕੇ ਅੱਗੜ-ਪਿੱਛੜ ਘਰ ਮੁੜੇ ਤਾਂ ਦੋਵਾਂ ਦੀਆਂ ਤ੍ਰੀਮਤਾਂ ਨੇ ਉਨ੍ਹਾਂ ਨੂੰ ਲੜਾਈ ਲਈ ਭੜਕਾ ਲਿਆ। ਵਿਹੜੇ ਦੀ ਕੰਧੋਲੀ ਤੋਂ ਪਾਰ ਨੈਣੋਂ ਦੇ ਘਰ ਵੱਲ ਝਾਕਦਿਆਂ ਮੋਹਣੀ ਨੇ ਕਿਹਾ, “ਆਪਣੀ ਘਰ ਦੀ ਨੂੰ ਸਮਝਾ ਲੈ ਸ਼ੇਰੂ, ਗੰਦ ਨਾ ਬਕਿਆ ਕਰੇ।”

“ਤੇਰੇ ਤੋਂ ਤੇਰੀਆਂ ਕੁਕੜੀਆਂ ’ਨੀਂ ਡੱਕ ਹੁੰਦੀਆਂ,ਮਾਂ-ਧੀ ਨੇ ਦਿਹਾੜੀ ਲਾ ਕੇ ਪਾਥੀਆਂ ਪੱਥੀਆਂ ਤੇ ਤੁਸਾਂ ਦੀਆਂ ਕੁਕੜੀਆਂ ਨੇ ਫਿਰ ਗੋਹਾ ਬਣਾ ਛੱਡੀਆਂ।”

“ਸਾਰੇ ਪਿੰਡ ਦੀਆਂ ਕੁਕੜੀਆਂ ਏਵੇਂ ਹੀ ਖੁੱਲ੍ਹੀਆਂ ਫਿਰਦੀਆਂ, ਮੈਂ ਕੀ ਇਨ੍ਹਾਂ ਨੂੰ ਸੰਗਲ ਪਾਵਾਂ, ਤੇਰੇ ਪਠੋਰਿਆਂ ਨੂੰ ਵੀ ਤਾਂ ਸਾਡੀਆਂ ਧਰੇਕਾਂ ਚਰ ਹੀ ਲਈਆਂ ਸਨ, ਚਰੀਆਂ ਕਿ ਨਹੀਂ ਚਰੀਆਂ ਪਰ੍ਹੂੰ!”

“ਤਾਂ ਫਿਰ ਤੁਸਾਂ ਨਹੀਂ ਮੰਨਣੀ ਆਪਣੀ ਗਲਤੀ।” ਸ਼ੇਰੂ ਨੇ ਲਾਲ-ਪੀਲੇ ਹੁੰਦੇ ਕਿਹਾ। ਅੱਗੋਂ ਬਰਾਬਰ ਦੇ ਗੁੱਸੇ ’ਚ ਮੋਹਣੀ ਕਹਿੰਦਾ, “ਕੋਈ ਗਲਤੀ-ਗੁਲਤੀ ’ਨੀਂ, ਤੂੰ ਆਪਣੀ ਘਰ ਦੀ ਸਮਝਾ, ਬਹੁਤੀ ਜ਼ੁਬਾਨ ਨਾ ਚਲਾਇਆ ਕਰੇ, ਨਹੀਂ ਤਾਂ ਮੇਰੇ ਤੋਂ ਬੁਰਾ ਕੋਈ ’ਨੀਂ।”

“ਗਲਤੀ ਤਾਂ ਮੈਨੂੰ ਮਨਾਉਣੀ ਆਉਂਦੀ ਆ, ਗਲਤੀ ਤਾਂ ਤੇਰੇ ਤੋਂ ਵੱਡੇ ਵੀ ਮੰਨਣਗੇ, ਡੱਕਰੇ ਨਾ ਕੀਤੇ ਸਾਰੇ ਟੱਬਰ ਦੇ ਤਾਂ ਰਾਅ ਬੱਚਾ ਨਾ ਆਖੀਂ।” ਪੂਰੀ ਤਰ੍ਹਾਂ ਭਖ਼ਿਆ ਹੋਇਆ ਸ਼ੇਰੂ ਅੰਦਰੋਂ ਗੰਡਾਸੀ ਕੱਢ ਲਿਆਇਆ।

ਅੰਮਾ ਨੈਣੋਂ ਨੇ ਇਕ ਚੂੰਡੀ ਨਸਵਾਰ ਹੋਰ ਛਿੱਕੀ, ਸ਼ੇਰੂ ਨੂੰ ਸ਼ਿਸ਼ਕਾਰਿਆ। ਮੋਹਣੀ ਨੂੰ ਉਸ ਹਥਿਆਰ ਕੱਢਣ ਦਾ ਮੌਕਾ ਹੀ ਨਾ ਦਿੱਤਾ, ਪਰ ਉਹ ਮਾਲ ਚਾਰਨ ਵਾਲੀ ਢਾਂਗੀ ਨਾਲ ਹੀ ਸ਼ੇਰੂ ਨਾਲ ਟੱਕਰ ਲੈਣ ਲੱਗਾ। ਗਹਿ-ਗੱਚ ਲੜਾਈ ਦਾ ਮੰਜ਼ਰ ਬਣ ਗਿਆ। ਦੋਵਾਂ ਦੇ ਸੱਟਾਂ ਲੱਗੀਆਂ, ਕੱਪੜੇ ਲਹੂ-ਲੁਹਾਨ ਹੋਏ, ਠਾਣੇ ਰਿਪੋਰਟ ਹੋਈ, ਦੋਵਾਂ ਨੂੰ ਪੁਲਿਸ ਚੁੱਕ ਕੇ ਲੈ ਗਈ।ਦੋਵਾਂ ਨੂੰ ਉਨ੍ਹਾਂ ਦੇ ਤਰਫ਼ਦਾਰ ਸੱਤ ਇਕਵੰਜਾ ਵਿੱਚ ਜ਼ਮਾਨਤਾਂ ਕਰਵਾ ਕੇ ਠਾਣਿਓਂ ਲੈ ਆਏ। ਇਹ ਤਾਂ ਜਿਵੇਂ ਸਾਰਾ ਪਿੰਡ ਹੀ ਸੱਤ ਇਕਵੰਜਾਂ ਦੀਆਂ ਜ਼ਮਾਨਤਾਂ ’ਚ ਬਾਹਰ ਆਇਆ ਹੋਇਆ ਸੀ। ਲੜਾਈਆਂ ਹੁੰਦੀਆਂ ਰਹਿੰਦੀਆਂ ਸਨ, ਕਦੇ ਬਾਲ-ਅੰਞਾਣਿਆਂ ਦੇ ਖਹਿਬੜਣ ਤੋਂ, ਕਦੇ ਮੱਝੀਂ-ਗਾਈਂ ਤੋਂ, ਕਦੇ ਕੁਕੜੀਆਂ-ਬੱਕਰੀਆਂ ਤੋਂ ਤੇ ਕਦੇ ਛੋਟੀਆਂ-ਮੋਟੀਆਂ ਚੋਰੀਆਂ ਤੋਂ। ਨੈਣੋਂ ਗਿੱਦੜਬਾਹੇ ਦੀ ਨਸਵਾਰ ਨੂੰ ਛਿੱਕ ਕੇ ਤੇ ਕੋਈ ਹੋਰ ਘਰ ਦੀ ਕੱਢੀ ਦਾਰੂ ਦਾ ਹਾੜਾ ਲਾ ਕੇ ਲੜਾਈ ਨੂੰ ਤਿੱਖਾ ਕਰਦਾ ਤੇ ਟੱਕਰ ਦੇ ਅੰਜ਼ਾਮ ਤੱਕ ਪਹੁੰਚਾਉਂਦਾ।

ਇਹ ਸੀ ਉਹ ਪਿਛੋਕੜ ਜਿਸ ਤੋਂ ਬਚਨ ਦਾ ਪੁੱਤਰ ਕਾਲਾ ਉੱਭਰਿਆ ਸੀ।

ਲੜਾਈਆਂ ਦੇ ਵਿਅਰਥ ਹੋਣ ਬਾਰੇ ਜੋ ਭਾਵਨਾ ਉਹਦੇ ਮਨ ਵਿੱਚ ਭਰੀ ਹੋਈ ਸੀ ਉਹ ਇਹੋ ਜਿਹੀਆਂ ਘਟਨਾਵਾਂ ਨੇ ਹੀ ਪੈਦਾ ਕੀਤੇ ਸੀ। ਉਹਦੇ ਲਈ ਹਰ ਘਟਨਾ ਇੱਕ ਵੱਡੇ ਦੈਂਤ ਦੇ ਸਮਾਨ ਸੀ, ਜਿਹੜੀ ਕਦੇ ਇਨਸਾਨਾਂ ਨੂੰ ਤੇ ਕਦੇ ਇਨਸਾਨੀਅਤ ਨੂੰ ਬੇਕਿਰਕੀ ਨਾਲ ਨਿਗਲ ਲੈਂਦੀ ਸੀ। ਉਹ ਪਿੰਡ ਦੇ ਮਾਹੌਲ ਦੀ ਭਿਅੰਕਰਤਾ ਨੂੰ ਸ਼ਿੱਦਤ ਨਾਲ ਮਹਿਸੂਸ ਕਰਦਾ ਸੀ ਜਦਕਿ ਉਹਦੀ ਉਮਰ ਦੇ ਹੋਰ ਨਵਉਮਰੇ ਜਵਾਨ ਇਸ ਭਿਅੰਕਰਤਾ ਨੂੰ ਸ਼ਿੱਦਤ ਨਾਲ ਜਿਉਂ ਰਹੇ ਸਨ, ਭੋਗ ਰਹੇ ਸਨ। ਕਾਲਾ ਇਸ ਮਾਹੌਲ ਤੋਂ ਅੱਗੇ-ਪਿੱਛੇ, ਉੱਪਰ-ਥੱਲੇ ਕਿਸੇ ਨਾ ਕਿਸੇ ਪਾਸੇ ਖਿਸਕਣ ਦਾ ਹੀਲਾ-ਵਸੀਲਾ ਕਰਦਾ ਸੀ ਪਰ ਹਰ ਪਾਸੇ ਇਹੋ ਹਨੇਰਾ ਹੀ ਤਾਂ ਪਸਰਿਆ ਹੋਇਆ ਸੀ।

ਬਟਵਾਰੇ ਸਮੇਂ ਲਹਿੰਦੇ ਪੰਜਾਬ ਤੋਂ ਹਿਜ਼ਰਤ ਕਰਕੇ ਆਏ ਕਬਾਇਲੀਆਂ ਨੇ ਇਹ ਪਿੰਡ ਸਤਲੁਜ ਦੇ ਕੰਢੇ ਬੰਨ੍ਹਿਆ ਸੀ। ਉਨ੍ਹਾਂ ਛੰਨਾਂ ਬਣਾਕੇ ਘਰ ਬਣਾਏ ਸਨ ਤੇ ਡੇਢ-ਦੋ ਦਹਾਕਿਆਂ ਤੱਕ ਆਪਣੀ ਪਰੰਪਰਿਕ ਸ਼ੈਲੀ ਦਾ ਜੀਵਨ ਜਿਉਂਦੇ ਰਹੇ। ਮਰਦ ਐਵੇਂ ਖਾਣ-ਪੀਣ ਜੋਗੀ ਖੇਤੀ ਕਰਨ ਲਈ ਮਜ਼ਬੂਰ ਸਨ, ਝੋਟਿਆਂ ਨਾਲ ਜਿੰਨੀ ਕੁ ਹੋ ਸਕਦੀ ਭੋਇੰ ਜੋਤ ਲੈਂਦੇ। ਉਨ੍ਹਾਂ ਦਾ ਸਾਰਾ ਚੌਗਿਰਦਾ ਜੰਗਲ ਵਰਗਾ ਸੀ। ਸੰਘਣੀਆਂ ਝਾੜੀਆਂ, ਉੱਚੇ ਸਰਕੜੇ ਵਿੱਚ ਜਾਂ ਤਾਂ ਉਹ ਮੱਝੀਂ-ਗਾਈਂ ਚਰਾ ਛੱਡਦੇ ਜਾਂ ਫਿਰ ਦਰਿਆ ਦੀ ਬਰੇਤੀ ’ਤੇ ਭੱਠੀਆਂ ਲਾ ਕੇ ਨਜਾਇਜ਼ ਸ਼ਰਾਬ ਕੱਢਦੇ,ਇਹ ਸ਼ਰਾਬ ਉਹ ਪੀਂਦੇ ਵੀ ਤੇ ਵੇਚਦੇ ਵੀ। ਤਕਰੀਬਨ ਹਰ ਘਰ ਵਿੱਚ ਸ਼ਰਾਬ ਦਾ ਇਕ ਕਨਸਤਰ ਪਿਆ ਹੁੰਦਾ ਸੀ। ਇਸ ਧੰਦੇ ਨੂੰ ਚੱਲਦਾ ਰੱਖਣ ਬਦਲੇ ਉਹ ਪੁਲਿਸ ਨੂੰ ਮਹੀਨਾ ਤਾਰਦੇ। ਦੇਸੀ ਸ਼ਰਾਬ ਪੀ ਕੇ ਉਹ ਲੜਾਈ ਲਈ ਦਲੇਰ ਹੋ ਜਾਂਦੇ।

ਕਾਲਾ ਇਹ ਅਜੀਬ ਖੇਡ ਦੇਖ ਰਿਹਾ ਸੀ।

ਲੋਕਾਂ ਦੀ ਸ਼ਰਾਬ ਤੋਂ ਕੀਤੀ ਕਮਾਈ ਆਖ਼ਰ ਪੁਲਿਸ ਵਾਲਿਆਂ ਕੋਲ ਹੀ ਜਾਂਦੀ ਸੀ। ਕੁਝ ਮਹੀਨਾ ਤਾਰਨ ਵਿੱਚ, ਕੁਝ ਲੜਾਈਆਂ-ਝਗੜਿਆਂ ਸਮੇਂ ਪੁਲਿਸ ਦੁਆਰਾ ਚੁੱਕੇ ਬੰਦਿਆਂ ਨੂੰ ਛੁਡਾਉਣ ਵਿੱਚ। ਲੋਕ ਕਮਾਈ ਕਰਨ ਦੀ ਥਾਂ ਸਗੋਂ ਕਮਾਈ ਦਾ ਵਸੀਲਾ ਬਣੇ ਹੋਏ ਸਨ।ਸ਼ਾਹੂਕਾਰਾਂ ਦੇ ਕਰਜ਼ਾਈ ਹੋ ਰਹਿੰਦੇ ਸਨ।

ਕਾਲਾ ਹੈਰਾਨ ਸੀ ਕਿ ਲੋਕ ਫਿਰ ਵੀ ਇਹ ਅਜੀਬ ਖੇਡ ਖੇਡਣ ਤੋਂ ਗੁਰੇਜ਼ ਨਹੀਂ ਸਨ ਕਰਦੇ। ਬਚਨ ਡੰਗਰ-ਵੱਛੇ ਦੇ ਰੱਸੇ ਖੋਲ੍ਹ ਹੀ ਰਿਹਾ ਸੀ ਜਦੋਂ ਇਕ ਸਵੇਰ ਕਾਲੇ ਨੇ ਉਸ ਨੂੰ ਕਿਹਾ:

"ਬਾਪੂ ਮੇਰਾ ਜੀਅ ਨਹੀਂ ਲੱਗਦਾ।"

ਕਾਲੇ ਦੀ ਕਹੀ ਗੱਲ ਤੋਂ ਬੇਫ਼ਿਕਰ ਬਚਨ ਬੋਲਿਆ, "ਤਾਂ ਫਿਰ ਅੰਮਾ ਆਪਣੀ ਨੂੰ ਆਖ ਤੈਨੂੰ ਫਾਜਿਲਕੇ ਕਿਸੇ ਡਾਕਟਰ ਨੂੰ ਦਿਖਾ ਆਵੇ।"

"ਐਹੋ 'ਜੀ ਤਾਂ ਕੋਈ ਗੱਲ ਨਹੀਂ ਬਾਪੂ!"

"ਤਾਂ ਫਿਰ ਆਪਣੇ ਜੋਟੀਦਾਰ ਬਣਾ ਜੀਅ ਲਾਉਣ ਨੂੰ।" ਬਚਨ ਨਾਲੋ-ਨਾਲ ਮਾਲ ਖੋਲ੍ਹੀ ਜਾ ਰਿਹਾ ਸੀ ਤੇ ਆਪਣੇ ਪੁੱਤਰ ਦੇ ਫਜ਼ੂਲ ਮਾਮਲੇ ਦਾ ਹੱਲ ਸੁਝਾਈ ਜਾ ਰਿਹਾ ਸੀ।

"ਬਾਪੂ, ਉਹ ਤਾਂ ਸਾਰੇ ਟੂਪਾਂ ਚੱਕੀ ਫਿਰਦੇ ਆ।"

"..ਤੇ ਤੂੰ ਵੀ ਪਾ ਲੈ ਟੂਪ ਗ਼ਲ 'ਚ, ਤੂੰ ਕੋਈ ਵੱਖਰਾ ਥੋੜ੍ਹੋਂ ਆਂ ਉਨ੍ਹਾਂ ਤੋਂ।"

"ਨਾ ਬਾਪੂ ਨਾ, ਮੈਂ ਨਾ ਕਰਸਾਂ ਇਹ ਕੁੱਤਾ ਕੰਮ।"

"ਤਾਂ ਫਿਰ ਜੋ ਜੀਅ ਆਉਂਦਾ ਏ ਕਰ।" ਆਖ ਬਚਨ ਡਾਂਗ ਫੜ੍ਹ ਮਾਲ ਮਗਰ ਤੁਰ ਪਿਆ। ਉਹ ਜਾਣਦਾ ਸੀ ਏਥੇ ਕਰਨ ਲਈ ਹੋਰ ਕੋਈ ਕੰਮ ਹੀ ਨਹੀਂ ਸੀ। ਜੋ ਵੱਡੇ-ਵਡੇਰੇ ਕਰਦੇ ਆਏ ਸਨ, ਉਹੀ ਕਾਲੇ ਨੂੰ ਕਰਨੇ ਪੈਣੇ ਸਨ।

ਕਾਲੇ ਦੀ ਹਾਲਤ ਉਸ ਜੰਗਲੀ ਸਹੇ ਵਰਗੀ ਸੀ ਜੋ ਸ਼ਿਕਾਰੀ ਕੁੱਤਿਆਂ ਤੋਂ ਆਪਣੀ ਹੋਂਦ ਬਚਾਉਣ ਲਈ ਏਧਰ ਓਧਰ ਦੁੜੰਗੇ ਲਾਉਂਦਾ ਹੈ। ਇਸ ਹਾਲਤ ਵਿੱਚ ਉਹਨੂੰ ਆਸ ਦੀ ਕਿਰਨ ਉਦੋਂ ਦਿਖਾਈ ਦਿੱਤੀ ਜਦੋਂ ਪਿੰਡ ਵਿੱਚ ਇਸਾਈ ਮਿਸ਼ਨਰੀਆਂ ਦਾ ਚੱਕਰ ਲੱਗਾ।

ਪਿੰਡ ਵਿੱਚ ਕਿਸੇ ਵਿਸ਼ੇਸ਼ ਧਾਰਮਿਕ ਅਕੀਦੇ ਦੇ ਲੋਕ ਨਾ ਰਹਿੰਦੇ ਹੋਣ ਕਾਰਨ ਇਸਾਈ ਮਿਸ਼ਨਰੀਆਂ ਨੂੰ ਇਸਾਈਅਤ ਦੇ ਪ੍ਰਚਾਰ ਲਈ ਇਹ ਪਿੰਡ ਬੜਾ ਢੁਕਵਾਂ ਜਾਪਿਆ।

ਇਸਾਈ ਮਿਸ਼ਨਰੀ ਸਾਫ਼-ਸੁਥਰੇ ਸਫ਼ੈਦ ਪਹਿਰਾਵੇ ਵਿਚ ਲੁਧਿਆਣੇ ਤੋਂ ਲਾਰੀ ਵਿੱਚ ਬੈਠ ਇਸ ਪਿੰਡ ਆਏ। ਮਿਸ਼ਨਰੀਆਂ ਵਿੱਚ ਮਰਦ ਅਤੇ ਤੀਵੀਆਂ ਦੋਵੇਂ ਸ਼ਾਮਿਲ ਸਨ। ਉਨ੍ਹਾਂ ਨੇ ਪਿੰਡ ਵਾਲਿਆਂ ਨੂੰ ਰੱਬ ਦੇ ਪੁੱਤਰ ਈਸਾ, ਮਾਂ ਮਰੀਅਮ ਤੇ ਹੋਰ ਨਬੀ ਪੈਗ਼ੰਬਰਾਂ ਦੀਆਂ ਦੈਵੀ ਸਾਖੀਆਂ ਸੁਣਾਈਆਂ। ਈਸਾ ਦੇ ਬਲੀਦਾਨ ਦੀ ਮਹਾਨ ਘਟਨਾ ਬਿਆਨ ਕੀਤੀ ਤੇ ਲੋਕਾਂ ਨੂੰ ਉਪਦੇਸ਼ ਦਿੱਤਾ ਕਿ ਆਪਣੇ ਗੁਆਂਢੀਆਂ ਨੂੰ ਪਿਆਰ ਕਰੋ। ਦੂਜਿਆਂ ਦੀਆਂ ਜਿਆਦਤੀਆਂ ਲਈ ਉਨ੍ਹਾਂ ਨੂੰ ਖਿਮਾ ਕਰੋ। ਆਪਣੇ ਕੀਤੇ ਗੁਨਾਹਾਂ ਦਾ ਪਛਤਾਵਾ ਕਰੋ।

ਪਿੰਡ ਦੇ ਲੋਕਾਂ ਮਿਸ਼ਨਰੀਆਂ ਨੂੰ ਚਾਹ ਪਾਣੀ ਪਿਆਇਆ, ਬਜ਼ੁਰਗਾਂ ਨੇ ਉਨ੍ਹਾਂ ਦੀ ਪਿੱਠ ਥਾਪੜੀ, ਇੱਜ਼ਤ ਮਾਣ ਨਾਲ ਉਨ੍ਹਾਂ ਨੂੰ ਵਿਦਾ ਕੀਤਾ। ਜਿਉਂ ਹੀ

ਲਾਰੀ ਕੱਚੇ ਰਾਹਾਂ ਦੀ ਧੂੜ ਵਿਚ ਓਝਲ ਹੋਈ, ਛੋਹਰ ਵਾਧਾ ਉਨ੍ਹਾਂ ਦਾ ਮਾਖ਼ੌਲ ਉਡਾਉਣ ਲੱਗਾ;

"ਜੇ ਰੱਬ ਦੇ ਪੁੱਤਰ ਦਾ ਇਹ ਹਾਲ ਹੋਇਆ ਤਾਂ ਸਾਡਾ ਕੀ ਹੋਸੀ?"

ਕਿਸੇ ਹੋਰ ਨੇ ਕਿਹਾ;

"ਜ਼ਮਾਨਤ ਦੇਣ ਲਈ ਅਸੀਂ ਰੱਬ ਦੇ ਪੁੱਤਰ ਨੂੰ ਕਿੱਥੋਂ ਲੱਭਣ ਜਾਵਾਂਗੇ।"

ਤੇ ਇਕ ਹੋਰ ਨੇ ਸਵਾਲ ਕੀਤਾ, "ਅੰਮਾ ਨੈਣੋ ਵੀ ਕਦੇ ਆਪਣੀ ਗੁਆਂਢਣ ਬੀਰਾ ਬਾਈ ਨੂੰ ਪਿਆਰ ਕਰੇਗੀ?"

"ਉਦੋਂ ਵੀ ਨਹੀਂ ਕਰੇਗੀ, ਜਦੋਂ ਬੀਰਾ ਬਾਈ ਦੀਆਂ ਕੁਕੜੀਆਂ ਨੂੰ ਬਿੱਲੇ ਨੇ ਫੁੰਡ ਖਾਧਾ।"

"ਅੰਮਾ ਤਾਂ ਸਗੋਂ ਆਖੇਗੀ, ਕੁਕੜੀਆਂ ਸ਼ੇਰੂ ਨੇ ਮਾਰ ਮੁਕਾਈਆਂ।"

ਇਹ ਸਿਰਫ਼ ਕਾਲਾ ਹੀ ਸੀ ਜੀਹਨੂੰ ਮਿਸ਼ਨਰੀਆਂ ਦੀਆਂ ਗੱਲਾਂ ਵਜ਼ਨਦਾਰ ਜਾਪੀਆਂ ਸਨ, ਉਸ ਨੇ ਸੋਚਿਆ ਕਿ ਜੇਕਰ ਥੋੜ੍ਹਾ ਜ਼ੋਰ ਲਾਇਆ ਜਾਵੇ ਤਾਂ ਪਿੰਡ ਨੂੰ ਸੱਚ ਦੇ ਰਾਹ ਵੱਲ ਮੋੜਿਆ ਜਾ ਸਕਦਾ ਹੈ, ਈਰਖਾ ਦੀ ਜੜ੍ਹ ਵੱਢੀ ਜਾ ਸਕਦੀ ਹੈ, ਆਪਸੀ ਪਿਆਰ ਦਾ ਪਾਠ ਪੜ੍ਹਾਇਆ ਜਾ ਸਕਦਾ ਹੈ, ਇਨਸਾਨੀਅਤ ਦਾ ਜਜ਼ਬਾ ਜਗਾਇਆ ਜਾ ਸਕਦਾ ਹੈ। ਇਕ ਵਾਰ ਫਿਰ ਉਹ ਮਿਸ਼ਨਰੀਆਂ ਨੂੰ ਮਿਲਣਾ ਚਾਹੁੰਦਾ ਸੀ, ਦੇਖਣਾ ਚਾਹੁੰਦਾ ਸੀ ਕਿ ਉਨ੍ਹਾਂ ਨੇ ਮੁਹੱਬਤ ਦਾ ਕੈਸਾ ਸੰਸਾਰ ਵਸਾ ਰੱਖਿਆ ਹੈ ਜਿੱਥੇ ਉਹ ਰਹਿੰਦੇ ਸਨ। ਬਚਨ ਅੱਗੇ ਉਸ ਆਪਣੀ ਖਾਹਸ਼ ਰੱਖੀ, "ਬਾਪੂ ਮੈਂ ਲੁਧਿਆਣੇ ਜਾ ਆਵਾਂ ਉਨ੍ਹਾਂ ਕੋਲ।"

"ਚਲਾ ਜਾਹ, ਉਹ ਕਿਹੜਾ ਤੈਨੂੰ ਲਾਟ ਪਾਦਰੀ ਬਣਾ ਦੇਣਗੇ, ਕਾਲਿਆ ਪੁੱਤਰ।"

"ਤੂੰ ਤਾਂ ਝੋਟੇ ਲੈ ਈ ਦੇਵੇਂਗਾ ਬਾਪੂ, ਜ਼ਮੀਨ ਜੋਤਣ ਲਈ।"

"ਮੇਰੇ ਵੱਲੋਂ ਕੋਈ ਢਿੱਲ 'ਨੀਂ, ਪਰ ਤੂੰ ਪਹਿਲਾਂ ਚਰਚ, ਕੀ ਆਖਦੇ ਆ ਉਹਨੂੰ ਹਾਂ, ਹਾਂ ਚਰਚ ਵੀ ਜਾ ਈ ਆ।"

ਕਾਲਾ ਲੁਧਿਆਣੇ ਚਰਚ ਗਿਆ ਤਾਂ ਉਥੋਂ ਦਾ ਜੀਵਨ ਦੇਖ ਕੇ ਦੰਗ ਰਹਿ ਗਿਆ। ਇਹ ਤਾਂ ਕੋਈ ਸੁਪਨਿਆਂ ਜਿਹਾ ਸੰਸਾਰ ਸੀ ਉਸ ਲਈ। ਚਰਚ ਦੇ ਨਾਲ ਮਰੀਜ਼ਾਂ ਲਈ ਹਸਪਤਾਲ ਖੋਲ੍ਹਿਆ ਹੋਇਆ ਸੀ, ਪੜ੍ਹਾਈ ਲਈ ਸਕੂਲ ਚੱਲ ਰਿਹਾ ਸੀ। ਸਭ ਮਿੱਠੀ ਜ਼ੁਬਾਨ 'ਚ ਗੱਲਾਂ ਕਰਦੇ। ਸੇਵਾ ਭਾਵਨਾ ਨਾਲ ਭਰਪੂਰ ਮਿਸ਼ਨਰੀ ਉਸਨੂੰ ਡਾਢੇ ਪਿਆਰ ਨਾਲ ਮਿਲੇ। ਉਨ੍ਹਾਂ ਉਸ ਦੀ ਆਪਣੇ ਧਰਮ ਵਿੱਚ ਹੋਰ ਵੀ ਆਸਥਾ ਜਗਾਈ। ਹੁਣ ਕਾਲਾ ਅਕਸਰ ਚਰਚ ਜਾਣ

ਲੱਗ ਪਿਆ। ਪਾਦਰੀ ਨੇ ਬਕਾਇਦਾ ਉਸ ਉੱਪਰ ਪਵਿੱਤਰ ਜਲ ਦਾ ਛਿੜਕਾਅ ਕਰਕੇ ਉਹਨੂੰ ਇਸਾਈ ਬਣਾਇਆ ਤੇ ਨਾਂ ਰੱਖਿਆ 'ਕਾਲਾ ਮਸੀਹ'।

ਜੇ ਚਾਹੁੰਦੇ ਤਾਂ ਮਸੀਹੀ ਭਾਈਚਾਰੇ ਵਾਲੇ ਕਾਲੇ ਨੂੰ ਕੋਈ ਛੋਟੀ-ਮੋਟੀ ਨੌਕਰੀ ਵੀ ਦੇ ਸਕਦੇ ਸਨ, ਪਰ ਉਨ੍ਹਾਂ ਦੀ ਵਧੇਰੇ ਦਿਲਚਸਪੀ ਇਸ ਗੱਲ ਵਿੱਚ ਸੀ ਕਿ ਕਾਲਾ ਉਨ੍ਹਾਂ ਲਈ, ਉਨ੍ਹਾਂ ਦੇ ਧਰਮ ਦੇ ਪ੍ਰਸਾਰ ਲਈ, ਆਪਣੇ ਪਿੰਡ ਜਾ ਕੇ ਪ੍ਰਚਾਰ ਕਰੇ। ਮਿਸ਼ਨਰੀ ਕਾਲੇ ਦੀ ਵੇਲੇ-ਕੁਵੇਲੇ ਰੁਪਏ ਪੈਸੇ ਨਾਲ ਮੱਦਦ ਵੀ ਕਰਦੇ ਰਹਿੰਦੇ ਸਨ, ਭਾਵੇਂ ਕਿ ਉਹ ਮੱਦਦ ਕੋਈ ਜ਼ਿਆਦਾ ਨਹੀਂ ਸੀ ਹੁੰਦੀ, ਫਿਰ ਵੀ ਬਚਨ ਏਨੇ ਨਾਲ ਹੀ ਖੁਸ਼ ਸੀ ਤੇ ਕਾਲੇ ਦੀ ਰੋਕ-ਟੋਕ ਦੇ ਮਾਮਲੇ ਵਿੱਚ ਉਹਨੇ ਆਪਣਾ ਵਤੀਰਾ ਬਦਲ ਲਿਆ ਸੀ। ਉਂਜ ਉਹ ਆਖਦਾ ਰਹਿੰਦਾ ਸੀ, "ਮੇਰੇ ਵੱਲੋਂ ਫਾਦਰ ਨੂੰ ਆਖੀਂ, ਮੱਝਾਂ ਮੂਹਰੇ ਵੰਝਲੀ ਵਜਾਉਣ ਦੀ ਸੇਵਾ ਕਿਸੇ ਹੋਰ ਨੂੰ ਸੌਂਪੇ। ਤੈਨੂੰ ਕੋਈ ਨੌਕਰੀ 'ਤੇ ਲਵਾਵੇ।"

ਕਾਲਾ ਪਿੰਡ ਵਾਲਿਆਂ ਵਿਚ ਇਸਾਈਅਤ ਦਾ ਪ੍ਰਚਾਰ ਕਰਨ ਲੱਗਾ।

ਪੂਰਾ ਜ਼ੋਰ ਲਾ ਕੇ, ਬਾਦਲੀਲ, ਲੋਕਾਂ ਦੇ ਭਲੇ ਲਈ ਕੀਤੀਆਂ ਉਹਦੀਆਂ ਗੱਲਾਂ ਦੇ ਬਦਲੇ 'ਚ ਲੋਕ ਮੁੱਕਦੀ ਗੱਲ ਇਹੋ ਆਖਦੇ, "ਬਚਨ ਦਾ ਛੋਹਰ ਐਵੇਂ ਝੱਲ ਖਲ੍ਹਾਰਦਾ ਰਹਿੰਦੈ, ਐਹੋ ਜਿਹਾਂ ਦਾ ਫਤੂਰ ਛੇਤੀ ਲਹਿ ਜਾਂਦੈ, ਆ ਜਾਏਗਾ ਟਿਕਾਣੇ 'ਤੇ ਇਕ ਦਿਨ...।"

ਲੋਕ ਕਾਲੇ ਦਾ ਪ੍ਰਭਾਵ ਕਬੂਲਣੋਂ ਇਨਕਾਰੀ ਸਨ। ਕਾਲੇ ਵੱਲੋਂ ਕੋਈ ਵੀ ਵਧੀਆ ਨਤੀਜਾ ਪੇਸ਼ ਨਾ ਕਰਨ 'ਤੇ ਮਿਸ਼ਨਰੀਆਂ ਦੀ ਦਿਲਚਸਪੀ ਉਸ ਵਿੱਚ ਘਟ ਰਹੀ ਸੀ, ਇਸ ਗੱਲ ਨੂੰ ਕਾਲਾ ਵੀ ਭਾਂਪ ਗਿਆ ਸੀ।

ਕਾਲੇ ਨੇ ਢਹਿੰਦੀ ਕਲਾ ਵਾਲੇ ਮਾਹੌਲ 'ਚ ਆਪਣੇ ਅੰਦਰਲੇ ਊਂਘ ਰਹੇ ਉਤਸ਼ਾਹ ਨੂੰ ਮੁੜ ਸ਼ਿਸ਼ਕਾਰਿਆ, "ਇਉਂ ਨਹੀਂ ਬਣਨੀ ਗੱਲ, ਹਿੰਮਤ ਮਾਰ ਤੇ ਪਿੰਡ 'ਚ ਚਰਚ ਬਣਵਾ, ਲੋਕ ਇਕ ਥਾਂ ਬੈਠ ਕੇ ਵਿਚਾਰ ਸੁਣਨਗੇ ਤਾਂ ਬਦਲ ਜਾਣਗੇ, ਪ੍ਰਚਾਰ ਕਰਨਾ ਵੀ ਸੌਖਾ ਰਹੇਗਾ।"

ਹੁਣ ਕਰਨ ਵਾਲਾ ਕੰਮ ਇਹ ਸੀ ਕਿ ਸਰਕਾਰੀ ਜ਼ਮੀਨ ਦਾ ਟੋਟਾ ਉਹਨੂੰ ਪਿੰਡ 'ਚ ਏਸ ਕੰਮ ਲਈ ਮਿਲ ਜਾਵੇ। ਸਰਪੰਚ ਨੇ ਸਾਫ਼ ਜਵਾਬ ਦੇ ਦਿੱਤਾ ਸੀ, "ਦੇਖ ਬਈ ਕਾਲਿਆ, ਏਸ ਕੰਮ ਲਈ ਪਿੰਡ 'ਚ ਸ਼ਾਮਲਾਟ ਹੈ ਕੋਈ ਨਹੀਂ...।"

ਕਾਲੇ ਨੇ ਸਰਪੰਚ ਦਾ ਖਹਿੜਾ ਨਾ ਛੱਡਿਆ।

"ਚਾਚਾ ਪੁਆ ਦੇ ਅੱਠ ਦਸ ਮਰਲਿਆਂ ਦਾ ਮਤਾ ਪੰਚਾਇਤ 'ਚ।" ਇਕ ਦਿਨ ਰਾਹ ਜਾਂਦੇ ਸਰਪੰਚ ਕੋਲ ਕਾਲੇ ਨੇ ਤਰਲਾ ਮਾਰਿਆ।

ਸਰਪੰਚ ਨੇ ਕੋਲ ਆ ਖੜ੍ਹੇ ਇਕ ਅੰਞਾਣੇ ਦੇ ਹੱਥ ਖੀਸੇ 'ਚੋਂ ਭਾਨ ਕੱਢ ਕੇ ਦਿੱਤੀ ਤੇ ਕਿਹਾ:

"ਜਾਹ ਓਏ ਛੋਹਰਾ, ਹੱਟੀ ਤੋਂ ਇਕ ਕ੍ਰਾਂਤੀ ਮੰਡਲ (ਬੰਡਲ) ਫੜੀਂ ਆਵੀਂ...।" ਫਿਰ ਉਸ ਕਾਲੇ ਵੱਲ ਮੂੰਹ ਭੁਆਇਆ, "ਕੰਮ ਡਾਢਾ ਔਖਾ ਏ ਮੱਲਾ!"

"ਚਾਚਾ, ਮੈਂ ਫਾਦਰ ਨੂੰ ਆਖ ਕੇ ਤੇਰਾ ਕੰਮ ਕਰਵਾ ਦਿਆਂਗਾ ਠਾਣੇ ਵਾਲਾ, ਉਹਦੀ ਗੱਲ ਸਾਰੇ ਮੰਨਦੇ ਨੇ।"

ਸਰਪੰਚ ਨੂੰ ਸੌਦਾ ਕੋਈ ਮਾੜਾ ਨਹੀਂ ਲੱਗਾ, ਉਸ ਸੋਚਿਆ ਜਿੱਥੇ ਬਾਕੀ ਲੋਕ ਸ਼ਾਮਲਾਟ ਦੱਬੀ ਫਿਰਦੇ ਆ, ਉਥੇ ਦਸ ਮਰਲੇ ਕਾਲਾ ਰੋਕ ਲਊ। ਠਾਣੇਦਾਰ ਤੋਂ ਤਾਂ ਖਹਿੜਾ ਛੁੱਟੂ।

ਅੰਞਾਣਾ ਮੁੜ ਆਇਆ, ਸਰਪੰਚ ਹੱਥ ਲੰਪ ਦੀ ਡੱਬੀ ਫੜਾਉਂਦਿਆਂ ਬੋਲਿਆ,"....ਬੀੜੀਆਂ ਹੈ ਕੋ 'ਨੀਂ...ਹੱਟੀ ਵਾਲਾ ਆਂਹਦਾ ਸਿਰਗਟਾਂ ਦੀ ਡੱਬੀ ਲੈਂਦਾ ਜਾਹ...ਬਾਕੀ ਲੇਖਾ ਮੈਂ ਸਰਪੰਚ ਨਾਲ ਮਗਰੋਂ ਸਮਝ ਲਵਾਂਗਾ।"

ਸਰਪੰਚ ਨੇ ਬਾਲ ਹੱਥੋਂ ਡੱਬੀ ਫੜ, ਹਲਕੀ ਘੁਰਕੀ ਉਹਨੂੰ ਮਾਰੀ, "ਹਤ ਤੇਰੇ ਦੀ!" ਅੰਞਾਣਾ ਸੁਣ ਕੇ ਦੂਰ ਨੱਠ ਗਿਆ।

"ਮਤਾ ਮੁਤਾ ਤਾਂ ਪੈਣਾ ਕੋਈ 'ਨੀਂ ਕਾਲਿਆ...ਬਾਕੀ ਮੈਂਬਰ ਬੜੇ ਭੈੜੇ ਆ ਸਹੁਰੀ ਦੇ...ਤੂੰ ਇਉਂ ਕਰ, ਛੱਪੜ ਕੋਲ ਚਰਚ ਵਾਸਤੇ ਥੋੜੀ ਥਾਂ ਨੂੰ ਵਗਲ ਲੈ...ਚੁਪ ਚੁਪੀਤਾ ਕਰ'ਲੈ ਇਹ ਕੰਮ।"

ਜ਼ਮੀਨ ਦੇ ਪ੍ਰਬੰਧ ਬਾਰੇ ਕਾਲੇ ਨੇ ਮਿਸ਼ਨਰੀਆਂ ਨੂੰ ਜਾ ਸੂਚਿਤ ਕੀਤਾ। ਨਿਕੰਮੀ ਜਿਹੀ ਸਮਝੀ ਜਾਂਦੀ ਜੋ ਜਗ੍ਹਾ ਕਾਲੇ ਨੇ ਰੋਕੀ ਸੀ,ਉਥੇ ਮਿਸ਼ਨਰੀਆਂ ਨੇ ਕੁਝ ਰੇਹੜੇ ਪੱਕੀਆਂ ਇੱਟਾਂ ਦੇ ਸੁਟਵਾ ਦਿੱਤੇ।

ਜਿੰਨੀ ਤੇਜ਼ੀ ਨਾਲ ਦਿਨ ਸਮੇਂ ਇੱਟਾਂ ਆਈਆਂ ਸਨ, ਰਾਤੀਂ ਓਨੀ ਹੀ ਫੁਰਤੀ ਨਾਲ ਕੋਈ ਰੇਹੜੇ ਭਰ ਕੇ ਲੈ ਗਿਆ। ਮਿਸਤਰੀਆਂ ਦਾ ਪ੍ਰਬੰਧ ਕਰਨ ਦੀਆਂ ਸਕੀਮਾਂ ਘੜ੍ਹਦਾ ਜਦੋਂ ਕਾਲਾ 'ਆਪਣੀ ਥਾਂ' 'ਤੇ ਪਹੁੰਚਿਆ ਤਾਂ ਇੱਟਾਂ ਵਾਲੀ ਥਾਂ ਨੂੰ ਭਾਂਅ-ਭਾਂਅ ਕਰਦਿਆਂ ਦੇਖ ਉਹਦਾ ਕੜ੍ਹ ਪਾਟ ਗਿਆ। ਇਹ ਕਰਤੂਤ ਕਰਨ ਵਾਲਿਆਂ ਲਈ ਜਿੰਨੀ ਕੁ ਗਾਲ੍ਹ ਉਹ ਵਾਹ ਸਕਦਾ ਸੀ, ਉਹਨੇ ਵਾਹੀ। ਉਹਨੂੰ ਜਾਪਿਆ ਉਹ ਬੇਕਾਬੂ ਹੁੰਦਾ ਜਾ ਰਿਹਾ ਹੈ। ਤਦੇ ਉਧਰੋਂ ਨਿਹਾਲੀ ਲੰਘਿਆ। ਕਾਲੇ ਨੂੰ ਮੋਢਿਓਂ ਫੜ ਆਖਣ ਲੱਗਾ, "ਭਰਾਵਾ, ਆਪਾਂ ਲੋਕਾਂ ਦੇ ਕੰਮ 'ਨੀਂ ਇਹ, ਦਿਨ ਢਲੇ ਦਰਿਆ ਮਣੇਂ ਆਵੀਂ, ਮੈਂ ਤੈਨੂੰ ਸਮਝਾਊਂ ਆਪਾਂ ਕੀ ਕਰਨੇ ਆ।"

ਨਿਹਾਲੀ ਨਾਲ ਕੁਝ ਦਿਨਾਂ ਦੀ ਸੰਗਤ ਕਰਕੇ ਹੀ ਕਾਲੇ ਦਾ ਮਸੀਹੀ ਰੰਗ ਉਤਰਨ ਲੱਗਾ, ਓਧਰ ਕੋਈ ਰਿਪੋਰਟ ਨਾ ਮਿਲਣ ਕਰਕੇ ਮਿਸ਼ਨਰੀ ਕਾਲੇ ਨੂੰ ਭੁੱਲ-ਭੁਲਾ ਗਏ।

ਨਿਹਾਲੀ ਨਜਾਇਜ਼ ਸ਼ਰਾਬ ਵੇਚਣ ਦਾ ਕੰਮ ਕਰਦਾ ਸੀ। ਉਹ ਟਿਊਬਾਂ ’ਚ ਸ਼ਰਾਬ ਭਰ ਬੁੱਢੇ ਦਰਿਆ ਦੇ ਸਰਕੜੇ ਵਿੱਚ ਛੁਪਾ ਛੱਡਦਾ ਸੀ, ਇਸ ਕੰਮ ’ਚ ਹੁਣ ਕਾਲਾ ਉਹਦਾ ਭਾਈਵਾਲ ਬਣ ਗਿਆ ਸੀ। ਦੋਵੇਂ ਸਤਲੁਜ ਦੀ ਬਰੇਤੀ ’ਤੇ ਚੱਲਦੀਆਂ ਭੱਠੀਆਂ ਤੋਂ ਟਿਊਬਾਂ ਭਰਵਾਉਂਦੇ, ਗਲ਼ ’ਚ ਪਾ ਸਤਲੁਜ ਦੇ ਪਾਣੀਆਂ ਵਿਚ ਠਿੱਲ੍ਹ ਪੈਂਦੇ ਤੇ ਫਿਰ ਬੁੱਢੇ ਦਰਿਆ ਦੇ ਆਸਪਾਸ ਗਾਹਕਾਂ ਦੀਆਂ ਬੋਤਲਾਂ ਭਰਦੇ ਰਹਿੰਦੇ। ਨਿਹਾਲੀ ਕਾਲੇ ਨੂੰ ਵੱਖਰੇ ਹੀ ਮਸਲਿਆਂ ਦੇ ਸਨਮੁੱਖ ਖਲ੍ਹਾਰਦਾ ਕਦੇ ਆਖਦਾ, “ਜੰਟਾ ਠਾਣੇਦਾਰ ਬੜਾ ਕੁੱਤਾ ਬੰਦਾ ਏ, ਹਰਾਮਖ਼ੋਰ ਮਹੀਨਾ ਵੀ ਲਈ ਜਾਂਦਾ ਤੇ ਟੂਪਾਂ ਵੀ ਵੱਢ ਜਾਂਦੈ!” ਕਦੇ ਆਖਦਾ; “...ਪੁਰੀਏ ਸਰਪੰਚਾਂ ਦੇ ਵਿਆਹ ’ਤੇ ਦੋ ਪੀਪੇ ਛੱਡ ਕੇ ਆਇਆ ਸਾਂ, ਸਹੁਰੀ ਦੇ ਪੈਸੇ ਈ ’ਨੀਂ ਦਿੰਦੇ...ਜਦੋਂ ਮੰਗੀ ਦੇ ਆ, ਅੱਗੋਂ ਕੋਈ ਨਾ ਕੋਈ ਲਾਰਾ ਲਾ ਛੱਡਦੇ ਆ।” ਕਾਲੇ ਨੂੰ ਇਹ ਮਸਲੇ ਵੀ ਵਜ਼ਨਦਾਰ ਜਾਪੇ। ਕਾਲਾ ਹਿੱਲ ਗਿਆ ਸੀ, ਅਵਾ ਤਵਾ ਬੋਲਦਾ ਰਹਿੰਦਾ ਸੀ, ਲੋਕਾਂ ਉਹਨੂੰ ਕਾਲਾ ਕਮਲਾ ਸੱਦਣਾ ਸ਼ੁਰੂ ਕਰ ਦਿੱਤਾ ਸੀ। ਉਹ ਆਪਣੇ ਗਾਹਕਾਂ ਨੂੰ ਆਪਣੀ ਦਾਰੂ ਦੇ ਖਰੇ ਹੋਣ ਦੀ ਪਰਖ ਕਰਵਾਉਂਦਾ, ਨੰਗੀ ਉਂਗਲ ਦਾਰੂ ਵਿੱਚ ਡੁਬੋਂਦਾ, ਮਾਚਸ ਦੀ ਤੀਲੀ ਬਾਲ ਕੇ ਉਂਗਲ ਦੇ ਨੇੜੇ ਕਰਦਾ, ਬਿਜਲੀ ਦੇ ਚਮਕਾਰੇ ਵਾਂਗ ਉਂਗਲ ’ਚੋਂ ਲਾਟ ਨਿੱਕਲਦੀ ਤੇ ਉਹ ਚਾਮ੍ਹਲ ਕੇ ਆਖਦਾ, “ਦੇਖ ਸਰਦਾਰਾ, ਲਾਟ ਦੇਖ, ਲਾਟ।” ਅਸ਼ ਅਸ਼ ਕਰ ਉੱਠ ਗਏ ਗਾਹਕ ਦੇ ਜਾਣ ਤੋਂ ਮਗਰੋਂ ਵੀ ਉਹ ਬੋਲਦਾ ਰਹਿੰਦਾ, “ਦੇਖੀਂ ਪੀ ਕੇ ਤੇਰਾ ਕੀ ਬਣਦਾ ਸਰਦਾਰਾ, ਏਸ ਲਾਟ ਨੇ ਤਾਂ ਸਾਰਾ ਪਿੰਡ ਫੂਕ ਛੱਡਿਐ...ਤੂੰ ਵੀ ਕੀ ਯਾਦ ਰੱਖਸੀਂ ਲਾਹਣ ਦੀ ਇਸ ਲਾਟ ਨੂੰ।”

ਨਿਆਂ

1

ਦਸੰਬਰ ਦੇ ਪਹਿਲੇ ਹਫ਼ਤੇ ਵਿੱਚ ਹੀ ਅਜਿਹੀ ਚਿੱਟੀ ਚਮਕਦੀ ਧੁੱਪ ਹੁੰਦੀ ਹੈ, ਧੁੱਪ ਜਿਵੇਂ ਖਿੜੀ ਹੋਈ ਕਪਾਹ ਹੋਵੇ। ਨਿੱਘੀ-ਨਿੱਘੀ, ਕੋਸੀ-ਕੋਸੀ ਧੁੱਪ ਸਰੀਰ ਨੂੰ ਹੁਲਾਰ੍ਹਾ ਦਿੰਦੀ ਹੈ ਤੇ ਮਨ ਨੂੰ ਸਕੂਨ। ਬੰਦਾ ਮੱਲੋ-ਮੱਲੀ ਬਾਹਰ ਵਿਹੜੇ ਵਿੱਚ ਆਉਣ ਨੂੰ ਉਤਾਵਲਾ ਹੁੰਦਾ ਹੈ। ਪਵਿੱਤਰ ਨੇ ਦਰਵਾਜ਼ੇ ਵਿੱਚ ਖੜ੍ਹ ਜਦੋਂ ਬਾਹਰ ਵਿਹੜੇ ਵਿੱਚ ਨਜ਼ਰ ਦੁੜਾਈ ਤਾਂ ਸਭ ਤੋਂ ਪਹਿਲਾਂ ਉਹਦੀ ਨਿਗ੍ਹਾ ਗੁਲਦਾਉਦੀ ਦੀਆਂ ਡੋਡੀਆਂ ’ਤੇ ਪਈ ਜਿਨ੍ਹਾਂ ਵਿਚੋਂ ਪੀਲੀਆਂ ਪੱਤੀਆਂ ਨੇ ਝਾਕਣਾ ਸ਼ੁਰੂ ਕਰ ਦਿੱਤਾ ਸੀ, “ਹੁਣ ਫੁੱਲ ਖਿੜ ਆਉਣਗੇ!” ਪਵਿੱਤਰ ਦੇ ਮਨ ਅੰਦਰ ਜਦੋਂ ਇਹ ਬੋਲ ਉੱਭਰਿਆ ਤਾਂ ਨਾਲ ਹੀ ਉਹਨੂੰ ਬਿਜਲੀ ਦੇ ਲਿਸ਼ਕਾਰੇ ਵਾਂਗ ਇਹ ਖਿਆਲ ਵੀ ਆਇਆ, ‘ਪਿੰਕੀ ਨੇ ਇਸ ਵਰ੍ਹੇ ਵੀਹਾਂ ਵਰ੍ਹਿਆਂ ਦੀ ਹੋ ਜਾਣਾ ਸੀ।’ ਉਹਨੇ ਦਿਲ ਹੀ ਦਿਲ ਹਉਂਕਾ ਭਰਿਆ, ਆਪਣੇ ਅੱਥਰੂਆਂ ਨੂੰ ਕਾਬੂ ਕਰ ਲਿਆ। ਬਾਹਰ ਬੰਤ ਜੁ ਪਿਆ ਸੀ। ਕਾਂਸਟੇਬਲ ਕੁਲਵੰਤ ਸਿੰਘ। ਉਹਦਾ ਖਾਵੰਦ। ਉਹ ਘੂਕ ਸੁੱਤਾ ਪਿਆ ਸੀ, ਘੁਰਾੜੇ ਮਾਰ ਰਿਹਾ ਸੀ। ਰਾਤੀ ਉਹਦੀ ਕਿਸੇ ਨਾਕੇ ’ਤੇ ਡਿਊਟੀ ਸੀ। ਪਿੰਕੀ ਬਾਰੇ ਸੋਚਦੀ ਹੋਈ ਪਵਿੱਤਰ ਸੁੱਤੇ ਪਏ ਬੰਤ ਤੋਂ ਵੀ ਖ਼ੌਫ਼ਜ਼ਦਾ ਸੀ। ਗੱਲ ਇਹ ਨਹੀਂ ਕਿ ਪਵਿੱਤਰ ਪੁਲਿਸ ਵਾਲਿਆਂ ਤੋਂ ਕੋਈ ਉਚੇਚਾ ਡਰਦੀ ਸੀ। ਪਿਛਲੇ ਇੱਕੀ ਸਾਲਾਂ ਤੋਂ ਉਹ ਪੁਲਿਸ ਵਾਲੇ ਨਾਲ ਸਹਿਜ ਜ਼ਿੰਦਗੀ ਹੀ ਤਾਂ ਬਤੀਤ ਕਰਦੀ ਆਈ ਸੀ, ਪਰ ਫਿਰ ਕੁਝ ਵਾਪਰ ਹੀ ਅਜਿਹਾ ਗਿਆ ਸੀ ਕਿ ਬੰਤ ਉਹਨੂੰ ਆਪਣਾ ਬੰਦਾ ਤਾਂ ਕੀ ਸਿਰਫ਼ ਬੰਦਾ ਵੀ ਨਹੀਂ ਸੀ ਜਾਪਦਾ। ਉਹਦੇ ਲਈ ਉਹ ਕੋਈ ਜਰਵਾਣਾ ਬਣ ਗਿਆ ਸੀ।

ਇਕ ਪਲ ਪਵਿੱਤਰ ਦੇ ਮਨ ਵਿੱਚ ਇਹ ਖਿਆਲ ਵੀ ਅਇਆ, ‘ਤੇਰੀ ਇਕੱਲੀ ਦੀ ਥੋੜ੍ਹਾ ਸੀ ਪਿੰਕੀ, ਬੰਤ ਦੀ ਵੀ ਤਾਂ ਧੀ ਸੀ...।’ ਪਰ ਅਗਲੇ ਹੀ ਪਲ ਉਹਨੇ ਇਸ ਖਿਆਲ ਨੂੰ ਸਿਰੇ ਤੋਂ ਨਕਾਰ ਦਿੱਤਾ, ‘ਇਹਦੀ ਕਾਹਦੀ ਧੀ, ਇਹਨੇ ਕਿਹੜਾ ਢਿੱਡੋਂ ਜੰਮੀਂ ਸੀ। ਢਿੱਡੋਂ ਜੰਮਣ ਵਾਲੀ ਨੂੰ ਦਰਦ ਹੁੰਦਾ ਹੈ, ਜੰਮਣ ਵਾਲੀ ਨੂੰ ਹੀ ਜੰਮਣ ਵਾਲੇ ਦੇ ਦਰਦ ਦਾ ਪਤਾ ਹੁੰਦੈ।’ ਵਿਹੜੇ ਦੀ ਧਰੇਕ ਦੇ ਪੀਲੇ ਪੱਤੇ ਟੁੱਟ ਕੇ ਬੰਤ ਉੱਪਰ ਡਿੱਗਦੇ ਰਹੇ। ਕਦੇ-ਕਦੇ ਕੋਈ ਮੱਖੀ ਵੀ

ਉਹਦੇ ਮੂੰਹ ’ਤੇ ਬੈਠ ਜਾਂਦੀ। ਪਵਿੱਤਰ ਇਹ ਸਭ ਦੇਖਦੀ ਰਹੀ। ਦੇਖਦੀ ਰਹੀ ਕਿ ਪੱਤੇ ਮੱਖੀਆਂ ਉਹਨੂੰ ਭੱਦਾ ਬਣਾ ਰਹੀਆਂ ਸਨ। ਪਰ ਜੇਕਰ ਉਹ ਇੰਞ ਭੈੜੀ ਤਰ੍ਹਾਂ ਸੁੱਤਾ ਹੋਇਆ ਨਾ ਵੀ ਹੁੰਦਾ,ਪੱਤੇ-ਮੱਖੀਆਂ ਉਹਦੇ ਸਰੀਰ ਉਦਾਲੇ ਨਾ ਵੀ ਹੁੰਦੀਆਂ,ਉਹ ਵਰਦੀ ਵਿੱਚ ਸਜਿਆ-ਫਬਿਆ ਵੀ ਹੁੰਦਾ,ਫਿਰ ਵੀ ਉਹ ਉਸ ਨੂੰ ਭੈੜਾ ਹੀ ਲੱਗਣਾ ਸੀ ਤੇ ਪਿਛਲੇ ਦੋ ਸਾਲਾਂ ਤੋਂ ਭੈੜਾ ਲੱਗਦਾ ਆਇਆ ਸੀ।

2

ਇਹ ਤਾਂ ਫਿਰ ਵਰਦੀਧਾਰੀ ਬੰਤ ਸੀ, ਬਿਨਾਂ ਵਰਦੀਓਂ ਬੰਤਾਂ ਦੀ ਵੀ ਕੋਈ ਕਮੀ ਨਹੀਂ ਸੀ। ਥਾਂ-ਥਾਂ ਬੰਤ ਬੈਠੇ ਸਨ। ਪਰ ਮਰਦਾ ਕੀ ਨਹੀਂ ਕਰਦਾ। ਪਵਿੱਤਰ ਨੇ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ ਹੋਈਆਂ ਸਨ। ਉਹ ਚਾਹੁੰਦੀ ਸੀ ਕਿ ਹਰ ਹੀਲੇ ਗੱਲ ਵਧਣੋਂ ਰੋਕ ਲਈ ਜਾਵੇ। ‘ਬੰਦਾ ਹਮੇਸ਼ਾਂ ਲਈ ਇਕੋ ਜਿਹਾ ਥੋੜ੍ਹੋ ਰਹਿੰਦਾ।’ ਪਵਿੱਤਰ ਦੀ ਆਪਣੀ ਇਸ ਧਾਰਨਾ ਅਨੁਸਾਰ ਪਿੰਕੀ ਤੋਂ ਜੋ ਗਲਤੀ ਹੋ ਗਈ ਸੀ, ਸੁਧਾਰ ਲਈ ਜਾ ਸਕਦੀ ਸੀ, ਪਰ ਸੁਧਾਰਨ ਲਈ ਮੌਕੇ ਦੀ ਜ਼ਰੂਰਤ ਸੀ। ਉਹ ਮੌਕਾ ਹੀ ਸੀ ਜਿਸਨੂੰ ਤਲਾਸ਼ਦੀਆਂ ਮਾਵਾਂ-ਧੀਆਂ ਦੋਵੇਂ ਤੜ੍ਹਪਦੀਆਂ ਫਿਰਦੀਆਂ ਸਨ। ਮੌਕਾ ਸੀ ਕਿ ਹੱਥੋਂ ਤਿਲ੍ਹਕ-ਤਿਲ੍ਹਕ ਜਾ ਰਿਹਾ ਸੀ। ਅਜੀਬ ਬੇਬਸੀ ਦਾ ਆਲਮ ਸੀ।

ਪਵਿੱਤਰ ਨੇ ਕਾਲਜ ਦੇ ਇਕ ਨਰਮ ਸੁਭਾਅ ਮੰਨੇ ਜਾਂਦੇ ਪ੍ਰੋਫ਼ੈਸਰ ਰਾਹੀਂ ਪਿੰਕੀ ਦੀਆਂ ਸਹਿਪਾਠਣਾਂ ਤੋਂ ਕਾਲਜ ਦੇ ਪ੍ਰਿੰਸੀਪਲ ਨੂੰ ਅਪੀਲ ਕਰਵਾਉਣ ਦੀ ਕੋਸ਼ਿਸ਼ ਕੀਤੀ ਕਿ ਸ਼ਾਇਦ ਪ੍ਰਿੰਸੀਪਲ ਆਪਣਾ ਸਖ਼ਤ ਵਤੀਰਾ ਬਦਲ ਲਵੇ। ਪ੍ਰੋਫ਼ੈਸਰ ਨੇ ਪਵਿੱਤਰ ਨੂੰ ਦੱਸਿਆ, “ਬੀਬੀ, ਕੁੜੀਆਂ ਦਾ ਮਨ ਟਟੋਲਣ ਦੀ ਕੋਸ਼ਿਸ਼ ਮੈਂ ਕਰ ਚੁੱਕਾਂ। ਕੁੜੀਆਂ ਤਾਂ ਸਗੋਂ ਪਿੰਕੀ ਖ਼ਿਲਾਫ਼ ਸਖ਼ਤ ਐਕਸ਼ਨ ਦੀ ਮੰਗ ਕਰ ਰਹੀਆਂ ਨੇ, ਬੀਬੀ! ਕਹਿੰਦੀਆਂ, ‘ਇੱਕੋ ਮੱਛੀ ਸਾਰੇ ਤਲਾਬ ਨੂੰ ਗੰਦਾ ਕਰ ਦਿੰਦੀ ਐ!’ ਗੱਲ ਬਣਦੀ ਨੀਂ ਲੱਗਦੀ।” ਪ੍ਰੋਫ਼ੈਸਰ ਦੀ ਗੱਲ ਸੁਣ ਕੇ ਪਵਿੱਤਰ ਨੂੰ ਪੱਕਾ ਹੋ ਗਿਆ ਕਿ ਗੱਲ ਹੁਣ ਵੱਸ ਵਿੱਚ ਨਹੀਂ ਸੀ ਰਹੀ। ਪ੍ਰਿੰਸੀਪਲ ਲੋਹੇ ਦਾ ਥਣ ਬਣਿਆ ਹੋਇਆ ਸੀ। ਉਹ ‘ਮੇਰਾ ਕਾਲਜ...ਮੇਰਾ ਕਾਲਜ..।’ ਦੀ ਰਟ ਹੀ ਲਾਈ ਜਾ ਰਿਹਾ ਸੀ ਤੇ ਕੁੜੀ ਨੂੰ ਕਾਲਜੋਂ ਕੱਢਣ ਲਈ ਪੂਰੀ ਤਰ੍ਹਾਂ ਕਾਹਲਾ ਪਿਆ ਲੱਗਦਾ ਸੀ। ‘ਕੱਢ ਦੇਵੇ ਕਾਲਜੋਂ, ਕੋਈ ਗੱਲ ਨਹੀਂ, ਪਰ ਬਦਨਾਮੀ ਨਾ ਕਰੇ......ਚਲੋ ਕੋਈ ਗੱਲ ਨੀਂ, ਜਾਨ ਹੈ ਤਾਂ ਜਹਾਨ ਹੈ।’ ਪਵਿੱਤਰ ਨੇ ਮਨ ਸਮਝਾਇਆ। ਫਿਰ ਵੀ ਉਹਦਾ ਅੰਦਰਲਾ ਚਾਹੁੰਦਾ ਸੀ ਕਿ ਕੁੜੀ ਡਿੱਗਦੀ-ਢਹਿੰਦੀ ਹੀ ਸਹੀ, ਚਾਰ ਜਮਾਤਾਂ ਪੜ੍ਹ ਹੀ ਜਾਵੇ ਤਾਂ ਚੰਗਾ ਰਹੇਗਾ। ਖ਼ੈਰ, ਜੇਕਰ ਪ੍ਰਿੰਸੀਪਲ ਕੁੜੀ ਨੂੰ ਕਾਲਜ ’ਚ ਰੱਖਣਾ ਹੀ ਨਹੀਂ

ਚਾਹੁੰਦਾ, ਗੱਲ-ਗੱਲ 'ਤੇ 'ਕਰੈਕਟਰਲੈੱਸ-ਕਰੈੱਕਟਰਲੈੱਸ' ਕਹੀ ਜਾਂਦੈ ਤਾਂ ਕੱਢ ਦੇਵੇ। ਬਸ ਇਕ ਰਿਆਇਤ ਦੇ ਦੇਵੇ, ਕੁੜੀ ਦੇ ਬਾਪ ਨੂੰ ਇਸ ਸਾਰੇ ਰੱਫੜ ਵਿੱਚ ਸ਼ਾਮਿਲ ਨਾ ਕਰੇ।

3

"ਕਿੱਥੇ ਗਈ ਸੀ?"

ਪਿੰਕੀ ਨੂੰ ਜਾਪਿਆ ਜਿਵੇਂ ਉਹਨੇ ਪ੍ਰਿੰਸੀਪਲ ਦੀ ਆਵਾਜ਼ ਨਹੀਂ, ਕਿਸੇ ਸ਼ੇਰ ਦੀ ਦਹਾੜ ਸੁਣੀ ਸੀ। ਉਹ ਕੰਬਣ ਲੱਗੀ। ਉਹ ਆਪਣੇ ਆਪ ਨੂੰ ਸੰਭਾਲਣ ਲੱਗੀ। ਉਹਨੂੰ ਪ੍ਰਿੰਸੀਪਲ ਨੇ ਕਲਾਸ ਵਿਚੋਂ ਆਪਣੇ ਦਫ਼ਤਰ ਵਿੱਚ ਬੁਲਾ ਲਿਆ ਸੀ ਪ੍ਰਿੰਸੀਪਲ ਆਪ ਉਹਦੇ ਮੂੰਹੋਂ ਉਹ ਸਾਰੀਆਂ ਗੱਲਾਂ ਸੁਣਨੀਆਂ ਚਾਹੁੰਦਾ ਸੀ, ਜੋ ਪਹਿਲਾਂ ਹੀ ਆਪਣੀ ਖ਼ੁਫ਼ੀਆ ਰਿਪੋਰਟ ਵਿੱਚ ਸੁਣ ਚੁੱਕਾ ਸੀ।

"ਹਾਂ, ਦੱਸ ਕਿੱਥੇ ਗਈ ਸੀ?"

ਪਿੰਕੀ ਨੇ ਜਵਾਬ ਵਿੱਚ ਕੰਬਦੀ ਤੇ ਟੁੱਟਦੀ ਆਵਾਜ਼ ਵਿੱਚ ਕਾਲਜ ਦੇ ਦੋ ਮੁੰਡਿਆਂ ਨਾਲ ਹੋਟਲ ਵਿੱਚ ਜਾਣ ਦੀ ਕਹਾਣੀ ਦੱਸ ਦਿੱਤੀ, ਨਾਲ ਹੀ ਉਹਨੇ ਆਪਣੇ ਕੀਤੇ ਦੀ ਅਣਭੋਲਪੁਣੇ ਵਿੱਚ ਹੋਈ ਗਲਤੀ ਮੰਨ ਲਈ, "ਸਰ, ਮੈਂ ਉਥੇ ਕੋਈ ਗ਼ਲਤ ਕੰਮ ਨਹੀਂ ਕੀਤਾ, ਬਸ ਕੌਫ਼ੀ ਪੀਤੀ ਸੀ...।"

"ਘਰ ਚਲੀ ਜਾਹ, ਹੁਣ ਜੇ ਕਾਲਜ ਆਉਣਾ ਹੋਇਆ, ਆਪਣੇ ਪਿਉ ਨੂੰ ਨਾਲ ਲੈ ਕੇ ਆਈਂ, ਨਹੀਂ ਤਾਂ ਘਰ ਬੈਠੀਂ, ਮੇਰੇ ਕਾਲਜ ਵਿੱਚ ਕਰੈਕਟਰਲੈੱਸ ਕੁੜੀਆਂ ਦਾ ਕੋਈ ਕੰਮ ਨਹੀਂ।"

"ਸਰ, ਡੈਡੀ ਪੁਲਿਸ ਵਿੱਚ ਐ..ਸਰ..ਪਲੀਜ਼ ਉਨ੍ਹਾਂ ਤੱਕ ਨਾ ਪਹੁੰਚਣ ਦਿਉ ਗੱਲ...।

"ਜਾਹ, ਚਲੀ ਜਾਹ, ਪਿਉ ਤੋਂ ਬਿਨਾਂ ਨਾ ਆਈਂ...ਕਾਲਜ ਦੇ ਅਨੁਸਾਸ਼ਨ ਦਾ ਸਵਾਲ ਹੈ...।" ਪ੍ਰਿੰਸੀਪਲ ਨੇ ਆਖ਼ਰੀ ਫ਼ੈਸਲਾ ਸੁਣਾ ਦਿੱਤਾ ਸੀ। ਪ੍ਰਿੰਸੀਪਲ ਬਾਰੇ ਬੜਾ ਮਸ਼ਹੂਰ ਸੀ ਕਿ ਉਹ ਦ੍ਰਿੜ ਇਰਾਦੇ ਵਾਲਾ ਬੰਦਾ ਹੈ, ਜੋ ਕਹਿ ਦਿੱਤਾ ਬਸ ਕਹਿ ਦਿੱਤਾ। ਜੋ ਕਹਿ ਦਿੱਤਾ ਉਹ ਹਰ ਹਾਲ ਹੋ ਕੇ ਹੀ ਰਹੇਗਾ। ਪਿੰਕੀ ਲੜਖੜਾਉਂਦੇ ਜਿਹੇ ਕਦਮਾਂ ਨਾਲ ਦਫ਼ਤਰੋਂ ਨਿੱਕਲ ਸਿੱਧੀ ਘਰ ਨੂੰ ਚੱਲ ਪਈ। ਪਵਿੱਤਰ ਨਾਲ ਸਾਰੀ ਗੱਲ ਸਾਂਝੀ ਕੀਤੀ। ਪਵਿੱਤਰ ਜਿੰਨਾ ਝਿੜਕ ਸਕਦੀ, ਪਿੰਕੀ ਨੂੰ ਝਿੜਕਦੀ ਰਹੀ, ਫਿਰ ਉਹਦੇ ਭਵਿੱਖ ਲਈ ਚਿੰਤਤ ਹੋ ਉੱਠੀ। ਉਹਨੂੰ ਮੁੜ-ਮੁੜ ਅਹਿਸਾਸ ਹੋ ਰਿਹਾ ਸੀ ਕਿ ਕੁਝ ਵੀ ਅਜਿਹਾ ਵਾਪਰ ਸਕਦਾ ਹੈ, ਜੋ ਭਿਅੰਕਰ ਹੋਵੇਗਾ। ਕੁੜੀ ਦੇ ਹੋਟਲ ਜਾਣ ਦੀ ਗੱਲ ਵਿਸਾਰ ਕੇ ਉਹ ਢੰਗ-ਤਰੀਕੇ ਸੋਚਣ ਲੱਗੀ ਜਿੰਨ੍ਹਾਂ ਰਾਹੀਂ ਪਿੰਕੀ ਨੂੰ ਕਿਸੇ ਭਾਵੀ ਹਮਲੇ ਤੋਂ ਬਚਾਅ ਸਕੇ।

4

ਬੰਤ ਘਰ ਆਇਆ। ਕ੍ਰੋਧ ਉਹਦੀਆਂ ਅੱਖਾਂ 'ਚ ਅੱਗ ਵਾਂਗ ਦਹਿਕ ਰਿਹਾ ਸੀ। ਅੰਦਰ ਕਮਰੇ 'ਚ ਵੜਦਿਆਂ ਉਹਦੀ ਨਜ਼ਰ ਜਿਉਂ ਹੀ ਪਿੰਕੀ 'ਤੇ ਪਈ ਉਹਨੇ ਬੇਰਹਿਮੀ ਨਾਲ ਥੱਪੜਾਂ, ਠੁੱਡਿਆਂ, ਮੁੱਕਿਆਂ ਦੀ ਬੁਛਾੜ ਉਸ ਉੱਪਰ ਕਰ ਦਿੱਤੀ। ਪਿੰਕੀ ਕੋਲ ਬੈਠਾ ਦਸਾਂ ਕੁ ਵਰ੍ਹਿਆਂ ਦਾ ਉਹਦਾ ਮੁੰਡਾ ਹੈਪੀ ਐਨਾ ਸਹਿਮ ਗਿਆ ਕਿ ਚੀਖ਼ ਵੀ ਉਹਦੇ ਸੰਘ ਵਿੱਚ ਹੀ ਅਟਕੀ ਰਹਿ ਗਈ। ਪਵਿੱਤਰ ਹਟਾਉਣ ਲੱਗੀ ਤਾਂ ਉਹਨੂੰ ਇਹ ਦੋਸ਼ ਵੀ ਆਪਣੇ ਸਿਰ ਲੈਣਾ ਪਿਆ, "ਤੇਰੇ ਕਰਕੇ ਵਾਪਰੀ ਐ ਸਾਰੀ ਕਰਤੂਤ....ਕੀ ਸਿਖਾਇਐ ਤੂੰ ਏਸ ਕੁੱਤੀ ਨੂੰ ਬਈ......।" ਪਵਿੱਤਰ ਨੇ ਅਪਵਿੱਤਰ ਸ਼ਬਦ ਰੋਕਣ ਲਈ ਬੰਤ ਦੇ ਮੂੰਹ 'ਤੇ ਹੱਥ ਰੱਖ ਦਿੱਤਾ। ਬੰਤ ਪਿੰਕੀ ਨੂੰ ਇਉਂ ਕੁੱਟਦਾ ਰਿਹਾ ਜਿਵੇਂ ਕਿਸੇ ਖਤਰਨਾਕ ਅਪਰਾਧੀ ਨੂੰ ਥਾਣੇ ਲਿਆ ਕੇ ਕੁੱਟ ਰਿਹਾ ਹੋਵੇ। ਉਦੋਂ ਤੀਕ ਕੁਟਾਪਾ ਜਾਰੀ ਰਿਹਾ ਜਦੋਂ ਤੱਕ ਬੰਤ ਥੱਕ ਨਹੀਂ ਗਿਆ, ਜਦੋਂ ਤੱਕ ਪਿੰਕੀ ਬੇਹੋਸ਼ ਨਹੀਂ ਹੋ ਗਈ।......ਤੇ ਫਿਰ ਉਹ ਦਾਰੂ ਦਾ ਇੱਕ ਮੋਟਾ ਪੈੱਗ ਇਕੋ ਸਾਹੇ ਪੀ ਕੇ ਖ਼ੁਦ ਵੀ ਨਿਢਾਲ ਜਿਹਾ ਹੋ ਕੇ ਸੌਂ ਗਿਆ। ਪਵਿੱਤਰ ਦੋਵੇਂ ਨਿਆਣਿਆਂ ਦਾ ਆਹੁਰ-ਪੌਹਰ ਕਰਨ ਲੱਗੀ। ਚੁੰਨੀ ਨਾਲ ਲੱਪ-ਲੱਪ ਅੱਥਰੂ ਪੂੰਝਦਿਆਂ ਉਸ ਸੋਚਿਆ, 'ਇਹ ਵੀ ਵਿਚਾਰਾ ਕੀ ਕਰੇ, ਏਸੇ ਇਕੋ ਕੰਮ ਦਾ ਤਾਂ ਤਜਰਬਾ ਹੈ ਇਹਨੂੰ!'

5

ਪਵਿੱਤਰ ਚਾਰੋ ਖਾਨੇ ਚਿੱਤ ਹੋ ਗਈ ਸੀ। ਕੋਈ ਵੀ ਤਾਂ ਨਹੀਂ ਸੀ ਐਸ ਘੜੀ ਉਹਦੀ ਬਾਂਹ ਫੜ੍ਹਣ ਵਾਲਾ। ਹਰ ਪਾਸਿਓਂ ਮਾਯੂਸੀ ਹੀ ਉਹਦੇ ਪੱਲੇ ਪਈ ਸੀ। ਕਾਲਜ ਤੋਂ ਜਵਾਬ ਮਿਲ ਗਿਆ ਸੀ। ਕਾਲਜ ਉਹਨੇ ਉਂਜ ਵੀ ਪਿੰਕੀ ਨੂੰ ਭੇਜਣਾ ਮੁਨਾਸਿਬ ਨਾ ਸਮਝਿਆ। ਪ੍ਰਿੰਸੀਪਲ ਦਾ ਵਤੀਰਾ ਹੱਦੋਂ ਵੱਧ ਸਖ਼ਤ ਸੀ। ਉਹ ਆਪ ਤਾਂ ਕਾਲਜ ਦੀ ਪੜ੍ਹਾਈ ਤੋਂ ਵਾਂਝੀ ਹੀ ਰਹੀ ਸੀ ਪਰ ਉਹਨੇ ਸੁਣ ਰੱਖਿਆ ਸੀ ਕਿ ਆਮ ਕਾਲਜਾਂ ਵਿੱਚ ਮੁੰਡੇ-ਕੁੜੀਆਂ ਇਕ ਦੂਜੇ ਦੇ ਕਾਫ਼ੀ ਨੇੜੇ ਹੋ ਜਾਂਦੇ ਹਨ। ਵੱਡੀਆਂ-ਵੱਡੀਆਂ ਗੱਲਾਂ ਵੀ ਵਾਪਰ ਜਾਂਦੀਆਂ ਹਨ, ਪਰ ਇਹ ਤਾਂ ਕੋਈ ਵੱਖਰਾ ਹੀ ਕਾਲਜ ਸੀ, ਕੋਈ ਅਲਹਿਦਾ ਹੀ ਪ੍ਰਿੰਸੀਪਲ ਸੀ। ਓਧਰ ਬੰਤ ਸਦਾ ਖ਼ੂਨ-ਖ਼ਫ਼ਾ ਹੋਇਆ ਰਹਿੰਦਾ ਸੀ।

ਬੰਤ ਦੀਆਂ ਨਜ਼ਰਾਂ ਤੋਂ ਦੂਰ ਕਰਨ ਲਈ ਪਵਿੱਤਰ ਪਿੰਕੀ ਨੂੰ ਆਪਣੇ ਪੇਕੇ ਛੱਡ ਆਈ। ਕੁਝ ਦਿਨ ਉਥੇ ਰਹਿ ਪਿੰਕੀ ਸਹਿਜ ਹੋ ਗਈ। ਮਿਲਣ ਗਈ ਤਾਂ ਉਹਦੇ ਭਰਾ ਨੇ ਦੱਸਿਆ ਸੀ ਕਿ ਕੁੜੀ ਕਾਫ਼ੀ ਸਚਿਆਰੀ ਹੈ। 'ਫਾਲਤੂ ਗੱਲ ਨਹੀਂ ਕਰਦੀ ਭੈਣੇਂ...ਬਸ ਐਵੇਂ ਮੁੱਲ ਦਾ ਹੀ ਬੋਲਦੀ ਐ।' ਪਵਿੱਤਰ ਨੂੰ ਭਰਾ

ਦੀ ਗੱਲ ਸੁਣ ਤਸੱਲੀ ਵੀ ਹੋਈ ਤੇ ਉਹਦੇ ਅੰਦਰੋਂ ਰੁੱਗ ਵੀ ਭਰਿਆ ਗਿਆ। ਉਹਨੂੰ ਭਰਾ ਦੇ ਮੂੰਹੋਂ ਸਿਫ਼ਤ ਸੁਣਦਿਆਂ ਬੰਤ ਦੁਆਰਾ ਨਿਆਣੀ ਜਿੰਦ ਉੱਪਰ ਢਾਹੇ ਜ਼ਬਰ ਦੀ ਯਾਦ ਵੀ ਆ ਗਈ ਸੀ। ਪਵਿੱਤਰ ਨੇ ਮਨ ਹੀ ਮਨ ਫੈਸਲਾ ਕੀਤਾ ਕਿ ਅਜੇ ਕੁੜੀ ਨੂੰ ਨਾਨਕੇ ਹੀ ਰਹਿਣ ਦੇਵੇ। ਹੌਲੀ-ਹੌਲੀ ਪੁਰਾਣੀ ਗੱਲ ਭੁੱਲ ਜਾਵੇਗੀ, ਜ਼ਖ਼ਮ ਭਰ ਜਾਵੇਗਾ। ਬੰਤ ਦੇ ਸਾਹਮਣੇ ਰਹੀ ਤਾਂ ਉਹਨੂੰ ਰੜਕਦੀ ਰਹੇਗੀ, 'ਕੁੜੀ ਕੁਝ ਕਰ ਹੀ ਨਾ ਬੈਠੇ?' ਇਹ ਤੌਖ਼ਲਾ ਵੀ ਉਹਦੇ ਮਨ ਦੀ ਨੁੱਕਰੇ ਕਿਤੇ ਪਿਆ ਹੋਇਆ ਸੀ ਟਿਕ-ਟਿਕਾਅ ਜਿਹਾ ਹੋ ਗਿਆ ਤਾਂ ਉਹ ਕੁੜੀ ਨੂੰ ਲੈ ਜਾਵੇਗੀ। ਬੰਤ ਠੀਕ ਹੋ ਗਿਆ ਤਾਂ ਪ੍ਰਾਈਵੇਟ ਪੜ੍ਹਾਈ ਕਰਵਾ ਲਵੇਗੀ, ਨਹੀਂ ਤਾਂ ਚਾਰ ਲਾਵਾਂ ਦੇ ਕੇ ਸਹੁਰੀਂ ਤੋਰ ਦੇਵੇਗੀ। ਵੱਡੀ ਉਮੀਦ ਨਾਲ ਪਵਿੱਤਰ ਘਰ ਪਰਤ ਆਈ।

6

ਬੰਤ ਘਰ ਵਿੱਚ ਚਿੜ੍ਹਚਿੜ੍ਹਾ ਅਤੇ ਬਾਹਰ ਵਧੇਰੇ ਕਰਕੇ ਚੁੱਪ ਜਿਹਾ ਹੀ ਹੋ ਗਿਆ ਸੀ। ਉਹਨੂੰ ਆਪਣੀ ਅਣਖ਼ ਉੱਤੇ ਮਾਣ ਹੋਇਆ ਕਰਦਾ ਸੀ। 'ਕੋਈ ਉਂਗਲ ਨੀਂ ਕਰ ਸਕਦਾ ਸਰਦਾਰ ਵੱਲ।' ਨਸ਼ੇ ਦੀ ਲੋਰ ਵਿੱਚ ਕੁੰਢੀਆਂ ਮੁੱਛਾਂ 'ਤੇ ਹੱਥ ਫੇਰਦਾ ਉਹ ਅਕਸਰ ਕਿਹਾ ਕਰਦਾ ਸੀ। ਪਰ ਕੁੜੀ ਨੇ ਉਹਦੀ ਮੁੱਛ ਨੀਵੀਂ ਕਰ ਦਿੱਤੀ, ਅਣਖ਼ ਮਿੱਟੀ 'ਚ ਰੋਲ਼ ਦਿੱਤੀ ਸੀ। ਉਹਨੂੰ ਲਗਦਾ ਰਹਿੰਦਾ ਸੀ ਕਿ ਹਰ ਕੋਈ ਉਹਦੇ ਤੋਂ ਉਹਦੀ ਕੁੜੀ ਬਾਰੇ ਹੀ ਕੋਈ ਚੰਗੀ-ਮਾੜੀ ਗੱਲ ਸੁਣਨੀ ਚਾਹੁੰਦਾ ਹੈ। ਜਾਂ ਫਿਰ ਠਾਣੇ ਵਿਚ ਜਾਂ ਆਪਣੇ ਗਲੀ ਮੁਹੱਲੇ ਕਿਤੇ ਵੀ ਦੋ ਬੰਦਿਆਂ ਨੂੰ ਗੱਲਾਂ ਕਰਦਿਆਂ ਦੇਖਦਾ ਤਾਂ ਉਹਨੂੰ ਜਾਪਦਾ ਜਿਵੇਂ ਕਹਿ ਰਹੇ ਹੋਣ, 'ਕੁੜੀ ਮੁੰਡਿਆਂ ਨਾਲ ਹੋਟਲ 'ਚੋਂ ਫੜੀ ਗਈ, ਪਰ ਇਹਦੀ ਮੜਕ ਨੀਂ ਗਈ...।' ਬਸ ਮਨ 'ਚ ਇਸ ਤਰ੍ਹਾਂ ਦੇ ਬੇਚੈਨ ਕਰਨ ਵਾਲੇ ਖ਼ਿਆਲ ਹੀ ਖੌਰੂ ਪਾਉਂਦੇ ਰਹਿੰਦੇ ਸਨ। ਉਹ ਆਪਣੀ ਇਸ ਬੇਚੈਨੀ ਤੋਂ ਮੁਕਤੀ ਚਾਹੁੰਦਾ ਸੀ, ਬੇਚੈਨੀ ਤੋਂ ਅੱਕਿਆ ਉਹ ਸੋਚਦਾ, 'ਇਹ ਵੀ ਕੋਈ ਜਿਉਣਾ ਹੈ,ਇਹਦੇ ਨਾਲੋਂ ਤਾਂ ਮੌਤ ਚੰਗੀ।' ਪਰ ਕੀਹਦੀ ਮੌਤ? ਇਸ ਸਵਾਲ ਨੇ ਉਹਦੇ ਅੰਦਰ ਦੁਬਿਧਾ ਪੈਦਾ ਕਰ ਦਿੱਤੀ। ਕਸ਼ਮਕਸ਼ ਪੈਦਾ ਕਰ ਦਿੱਤੀ। ਦਲੀਲਾਂ ਦੀ ਲੰਮੀ ਲੜੀ ਏਥੇ ਆ ਕੇ ਹੀ ਮੁੱਕਦੀ, 'ਉਹ ਕਿਉਂ ਮਰੇ? ਉਹਦਾ ਕੀ ਕਸੂਰ? ਸਾਰਾ ਕਾਰਾ ਤਾਂ ਕੁੜੀ ਨੇ ਕੀਤੈ।' ਦੋਵਾਂ ਵਿਚੋਂ ਕਿਸਦਾ ਮਰਨਾ ਬਣਦਾ ਹੈ ਤੇ ਕਿਸਦਾ ਜਿਉਣ ਦਾ 'ਹੱਕ'। ਇਸ ਗੱਲ ਦਾ ਫੈਸਲਾ ਉਹਨੇ ਮਨ ਹੀ ਮਨ ਕਰ ਲਿਆ ਸੀ। ਉਹਨੂੰ ਪੂਰਨ ਭਰੋਸਾ ਸੀ ਕਿ ਉਹ ਜੋ ਕੁਝ ਵੀ ਕਰੇਗਾ ਉਹੀ ਨਿਆਂ ਹੋਵੇਗਾ।

7

ਪਵਿੱਤਰ ਖ਼ੁਸ਼ ਹੋਈ। ਉਹ ਦੇਖ ਰਹੀ ਸੀ ਉਹਦਾ ਪਤੀ ਬਦਲ ਰਿਹਾ ਹੈ, ਪਹਿਲਾਂ ਨਾਲੋਂ ਬਹੁਤ ਘੱਟ ਤਣਾਓ ਵਿੱਚ ਹੈ। 'ਹਰ ਕੋਈ ਬਦਲ ਜਾਂਦਾ ਹੈ, ਹਰ ਕੋਈ ਸਮੇਂ ਦੇ ਨਾਲ ਬਦਲ ਸਕਦਾ ਹੈ, ਬੰਤ ਦਾ ਬਦਲ ਜਾਣਾ ਵੀ ਕੋਈ ਅਲੋਕਾਰੀ ਗੱਲ ਨਹੀਂ ਸੀ।' ਪਵਿੱਤਰ ਨੇ ਸੋਚਿਆ। ਸੱਚੇ ਪਾਤਸ਼ਾਹ ਦਾ ਸ਼ੁਕਰਾਨਾ ਅਦਾ ਕੀਤਾ, ਪਿੰਕੀ ਨੂੰ ਨਾਨਕਿਆਂ ਦੇ ਘਰੋਂ ਲਿਆਉਣ ਦਾ ਫੈਸਲਾ ਕਰ ਲਿਆ ਪਰ ਇਹ ਗੱਲ ਉਹਨੇ ਬੰਤ ਨੂੰ ਨਾ ਦੱਸੀ। ਇਕ-ਦੋ ਦਿਨ ਬੰਤ ਦਾ ਬਦਲਿਆ ਮਿਜ਼ਾਜ਼ ਉਹ ਦੇਖਦੀ ਰਹੀ ਤੇ ਫਿਰ ਤੀਜੇ ਦਿਨ ਉਹ ਬੰਤ ਦੇ ਡਿਊਟੀ ਤੋਂ ਪਰਤਣ ਤੋਂ ਪਹਿਲਾਂ-ਪਹਿਲਾਂ ਪਿੰਕੀ ਨੂੰ ਲੈ ਕੇ ਘਰ ਆ ਗਈ। ਰਾਤੀ ਬੰਤ ਘਰ ਮੁੜਿਆ। ਰੋਟੀ ਖਾਧੀ ਸੌਂ ਗਿਆ। ਸਵੇਰੇ ਸੂਰਜ ਚੜ੍ਹਣ ਤੋਂ ਪਹਿਲਾਂ-ਪਹਿਲਾਂ ਬੰਤ ਨੇ ਮਨ 'ਚ ਧਾਰਿਆ ਹੋਇਆ 'ਨਿਆਂ' ਕਰ ਦਿੱਤਾ ਸੀ। ਭਾਈਚਾਰੇ ਨੂੰ ਪਵਿੱਤਰ ਦੇ ਦੁਹੱਥੜ ਨੇ ਭਾਣਾ ਵਰਤਣ ਦੀ ਸੂਚਨਾ ਦੇ ਦਿੱਤੀ। ਇੱਕ-ਇੱਕ ਕਰਕੇ ਸਭ ਇਕੱਠੇ ਹੋਏ ਤੇ ਲਾਸ਼ ਬਣੀ ਪਿੰਕੀ ਦੀ ਮਿੱਟੀ ਸਮੇਟਣ ਦਾ ਆਹਰ ਕਰਨ ਲੱਗੇ।

ਰੁਤਬਾ

ਚਾਚਾ ਜੈਲਾ ਕੁਝ ਗੁੰਮ-ਸੁੰਮ ਜਿਹਾ ਰਹਿਣ ਲੱਗ ਪਿਆ ਸੀ। ਡਾਕਟਰ ਨੂੰ ਵਿਖਾਇਆ ਗਿਆ। ਉਹਨੇ ਮੁੱਢਲੀ ਜਾਂਚ ਉਪਰੰਤ ਦਵਾ -ਦਾਰੂ ਦਿੱਤੀ। ਕੋਈ ਫ਼ਰਕ ਨਾ ਪਿਆ। ਮੁੜ ਡਾਕਟਰ ਦੀ ਸਲਾਹ ਲਈ ਗਈ। ਐਤਕੀਂ ਡਾਕਟਰ ਨੇ ਕੁਝ ਟੈਸਟ ਲਿਖ ਦਿੱਤੇ। ਟੈਸਟਾਂ ਦੀਆਂ ਰਿਪੋਰਟਾਂ ਡਾਕਟਰ ਨੂੰ ਵਿਖਾਈਆਂ ਗਈਆਂ। ਰਿਪੋਰਟਾਂ ਠੀਕ ਸਨ। ਫ਼ਿਕਰ ਵਾਲੀ ਕੋਈ ਗੱਲ ਨਹੀਂ ਸੀ। ਓਧਰ ਚਾਚੇ ਦੀ ਸਿਹਤ ਵੀ ਥੋੜ੍ਹੀ ਨਿੱਘਰ ਜਿਹੀ ਗਈ ਸੀ। ਮਨ ਦਾ ਸੰਸਾ ਦੂਰ ਕਰਨ ਲਈ ਇਕ ਵਾਰ ਫਿਰ ਬਦਲਵੀਂ ਪ੍ਰਯੋਗਸ਼ਾਲਾ ਤੋਂ ਟੈਸਟ ਕਰਵਾਏ ਗਏ। ਰਿਪੋਰਟਾਂ ਫਿਰ ਸਹੀ ਨਿਕਲੀਆਂ ਡਾਕਟਰ ਨੇ ਬੇਫ਼ਿਕਰ ਹੋ ਜਾਣ ਲਈ ਕਹਿ ਦਿੱਤਾ। ਚਾਚੇ ਨੇ ਵੀ "ਮੈਨੂੰ ਕੁਝ ਨਹੀਂ ਹੋਇਆ......ਮੈਨੂੰ ਕੁਝ ਨਹੀਂ ਹੋਇਆ.........ਚੰਗਾ ਭਲਾ ਹਾਂ.........|" ਦੀ ਰੱਟ ਲਾਈ ਹੋਈ ਸੀ। ਡਾਕਟਰ ਨੇ ਭਾਵੇਂ ਬੇਫ਼ਿਕਰ ਹੋਣ ਲਈ ਕਹਿ ਦਿੱਤਾ ਸੀ ਪਰ ਟੱਬਰ ਨੂੰ ਥੋੜ੍ਹਾ ਬਹੁਤ ਫ਼ਿਕਰ ਤਾਂ ਹੈ ਹੀ ਸੀ।

ਸਾਂਝਾ ਟੱਬਰ ਸੀ ਸਾਡਾ। ਭਾਪੇ ਹੋਰੀਂ ਤਿੰਨ ਭਰਾ ਸਨ। ਵੱਡਾ ਮੇਰਾ ਬਾਪੂ ਨਛੱਤਰ ਸਿੰਘ, ਵਿਚਕਾਰਲਾ ਜਰਨੈਲ ਸਿੰਘ ਉਰਫ ਜੈਲਾ ਤੇ ਸਭ ਤੋਂ ਛੋਟਾ ਕਰਨੈਲ ਸਿੰਘ। ਕਰਨੈਲ ਸਿੰਘ ਨੂੰ ਸਭ ਕਰਨੈਲ ਸਿੰਘ ਹੀ ਆਖਦੇ ਸਨ, ਕੋਈ ਕੈਲਾ ਨਹੀਂ ਸੀ ਆਖਦਾ। ਉਹਦੀ ਫਬਤ ਅਤੇ ਰਹਿਣੀ-ਬਹਿਣੀ ਹੀ ਕੁਝ ਇਸ ਤਰ੍ਹਾਂ ਦੀ ਸੀ ਕਿ ਉਹਨੂੰ ਕਰਨੈਲ ਆਖ ਕੇ ਹੀ ਬੁਲਾਇਆ ਜਾਂਦਾ ਸੀ। ਦਾੜ੍ਹੀ-ਮੁੱਛ ਸੰਵਾਰ ਕੇ ਰੱਖਦਾ ਸੀ। ਘੰਟਾ-ਘੰਟਾ ਸ਼ੀਸ਼ੇ ਮੂਹਰੇ ਪੱਗ ਦਾ ਲੜ ਲੋਟ ਕਰਨ 'ਤੇ ਲਾ ਦਿੰਦਾ ਸੀ। ਮਰਜ਼ੀ ਦਾ ਕੰਮ ਕਰਦਾ ਸੀ। ਬੀ.ਏ. ਕਰਕੇ ਪੜ੍ਹਾਈ ਨੂੰ ਫ਼ਤਹਿ ਬੁਲਾ ਚੁੱਕਾ ਸੀ। ਕੋਈਂ ਉਹਨੂੰ ਰੋਕਦਾ-ਟੋਕਦਾ ਵੀ ਨਹੀਂ ਸੀ। ਸੁਨੱਖਾ ਵੀ ਸੀ। ਅਸੀਂ ਨਵੇਂ ਉਡਾਰ ਹੋਏ ਘਰ ਦੇ ਜੀਅ ਉਹਨੂੰ ਕਦੇ-ਕਦੇ ਸੰਨੀ ਦਿਓਲ ਕਹਿ ਕੇ ਵੀ ਛੇੜਦੇ। ਸੁਣ ਕੇ ਉਹਦੀਆਂ ਵਾਛਾਂ ਖਿੜ ਜਾਂਦੀਆਂ ਤੇ ਉਹ ਸਾਨੂੰ ਝੂਠੀ -ਮੂਠੀ ਦਾ ਘੂਰਦਾ," ਖੜ੍ਹ ਜੋ ਸਾਲਿਓ, ਆਪਣੇ ਆਪ ਨੂੰ ਧਰਮਿੰਦਰ ਦੇ ਪੋਤੇ ਸਮਝਦੇ ਹੋ?" ਸਾਡਾ ਦਾਦਾ ਆਏ -ਗਏ ਦੀ ਖ਼ਾਤਰਦਾਰੀ ਸਮੇਂ ਉਹਨੂੰ ਹੀ ਅੱਗੇ ਰੱਖਦਾ ਸੀ। ਉਹਦਾ ਖ਼ਿਆਲ ਸੀ ਕਿ ਸੋਹਣਾ ਬੰਦਾ ਘਰ ਵਲੋਂ ਆਓ ਭਗਤ ਕਰੇ ਤਾਂ ਟੱਬਰ ਦਾ ਰੋਅਬ ਦੂਣ-ਸਵਾਇਆ ਹੋ ਜਾਂਦਾ ਹੈ। ਪਰਿਵਾਰ ਦੀ ਸ਼ਾਨ 'ਚ ਵਾਧਾ ਹੁੰਦਾ ਹੈ। ਵੱਡੇ ਬਾਪੂ

ਦੀ ਇਹ ਦਲੀਲ ਸਾਰੇ ਟੱਬਰ ਨੂੰ ਪ੍ਰਵਾਨ ਸੀ।

ਦਾਦੇ ਦਾ ਇੱਕ ਵੱਡਾ ਭਰਾ ਵੀ ਸਾਂਝੇ ਟੱਬਰ ਵਿਚ ਹੀ ਰਹਿੰਦਾ ਸੀ। ਸਾਡੀ ਦਾਦੀ ਭਾਪੇ ਹੋਰਾਂ ਦੇ ਵਿਆਹ ਤੋਂ ਪਹਿਲਾ ਹੀ ਗੁਜ਼ਰ ਗਈ ਸੀ। ਦਾਦੇ ਦੀ ਭਰਜਾਈ ਹੀ ਵੱਡੀਆਂ ਔਰਤਾਂ ਵਾਲੇ ਸਾਰੇ ਕਾਰਵਿਹਾਰ ਕਰਦੀ ਸੀ। ਦਾਦੇ ਦੇ ਭਰਾ ਨੂੰ ਅਸੀਂ ਬਾਈ ਜੀ ਤੇ ਭਰਜਾਈ ਨੂੰ ਵੱਡੀ ਬੇਬੇ ਕਹਿ ਕੇ ਬਲਾਉਂਦੇ ਸਾਂ। ਇੰਨ੍ਹਾਂ ਦੀ ਕੋਈ ਔਲ਼ਾਦ ਨਹੀਂ ਸੀ। ਉਂਜ ਉਨ੍ਹਾਂ ਦਾ ਇਸ ਸਾਂਝੇ ਟੱਬਰ ਵਿਚ ਰੁਤਬਾ ਮੋਹਤਬਰਾਂ ਵਾਲਾ ਸੀ। ਹਰ ਸ਼ਗਨ ਵਿਹਾਰ ਵੇਲੇ ਇੰਨ੍ਹਾਂ ਨੂੰ ਅੱਗੇ ਰੱਖਿਆ ਜਾਂਦਾ ਸੀ। ਬਾਈ ਜੀ ਆਥਣ ਸਵੇਰ ਪੈਲ਼ੀ -ਬੰਨੇ ਗੇੜਾ ਮਾਰ ਆਉਂਦੇ ਸਨ। ਤੁਰਦਿਆਂ-ਫ਼ਿਰਦਿਆਂ ਹੀ ਬੜੇ ਆਰਾਮ ਨਾਲ ਪੂਰਾ ਦਿਨ ਸੋਹਣਾ ਬਿਤਾ ਲੈਂਦੇ ਸਨ। ਕਦੇ ਕਿਸੇ ਨਿਆਣੇ ਨੂੰ ਕੁੱਛੜ ਚੁੱਕ ਕੇ ਖਿਡਾ ਲੈਂਦੇ ਤੇ ਕਦੇ ਕੋਈ ਕੱਟੜੂ-ਵੱਛੜੂ ਧੁੱਪੇ -ਛਾਵੇਂ ਕਰ ਲੈਂਦੇ। ਵੱਡੀ ਬੇਬੇ ਘਰ ਦੀਆਂ ਔਰਤਾਂ ਵਿਚ ਸਮਾਈ ਰਹਿੰਦੀ ਸੀ। ਭਾਪਾ ਸਾਡਾ ਖੇਤੀਬਾੜੀ ਦੇ ਕੰਮ ਵਿਚ ਮਗਨ ਹੋਇਆ ਰਹਿੰਦਾ ਸੀ। ਵੇਲ਼ੇ ਨਾਲ ਬਿਜਾਈ, ਸਿੰਚਾਈ, ਫ਼ਸਲਾਂ ਤੇ ਛਿੜਕੀ ਜਾਣ ਵਾਲੀ ਦਵਾਈ, ਫ਼ਸਲ ਦੀ ਕਟਾਈ, ਹਰ ਕੰਮ ਪੂਰੇ ਧਿਆਨ ਨਾਲ ਕਰਵਾਉਂਦਾ, ਕਿਸੇ ਲਾਪਰਵਾਹੀ ਦਾ ਉਹਦੇ ਹੁੰਦਿਆਂ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ।

ਦਾਦਾ ਸਵੇਰੇ ਉੱਠ, ਚਾਹ-ਪਾਣੀ ਛਕ, ਲਵੇਰੀਆਂ ਉਦਾਲੇ ਹੋ ਜਾਂਦਾ ਸੀ। ਧਾਰਾਂ ਕੱਢਦਾ ਦੁੱਧ ਡਰੰਮੀਆਂ 'ਚ ਪੁਆਉਂਦਾ। ਡੇਅਰੀ ਵਾਲਿਆਂ ਨੂੰ ਡਰੰਮੀਆਂ ਚੁਕਵਾ, ਪੱਠੇ -ਦੱਬੇ ਤੋਂ ਵਿਹਲਾ ਹੋ ਨਹਾਉਂਦਾ। ਰੋਟੀ ਖਾ ਕੇ ਸਾਈਕਲ ਚੁੱਕਦਾ ਤੇ ਦੁਪਹਿਰ ਵੇਲ਼ੇ ਘਰ ਪਰਤਦਾ। ਦੁਪਹਿਰ ਦੀ ਰੋਟੀ ਖਾ ਤੇ ਫਿਰ ਲਵੇਰੀਆਂ ਵੱਲ ਹੋ ਜਾਂਦਾ ਤੇ ਨੇਮ ਨਾਲ ਦੁੱਧ ਦੀ ਚੁਆਈ ਤੇ ਡੇਅਰੀ ਵਾਲਿਆਂ ਨੂੰ ਚੁਕਵਾਈ ਦਾ ਕੰਮ ਭਗਤਾਉਂਦਾ। ਗਰਮੀਆਂ ਹੁੰਦੀਆਂ ਤਾਂ ਆਥਣ ਵੇਲੇ ਬੰਬੀ ਤੇ ਡੁਬਕੀਆਂ ਲਾਉਂਦਾ, ਦੋ -ਤਿੰਨ ਪੈੱਗ ਵੀ ਲਾਉਂਦਾ। ਲੋਰ 'ਚ ਆ ਕੇ ਸਾਡੇ ਨਾਲ ਅਠਖੇਲੀਆਂ ਕਰਦਾ,ਸਾਨੂੰ ਵੀ ਮੂੰਹ ਕਰਾਰਾ ਕਰਨ ਦੀ ਹੱਲਾਸ਼ੇਰੀ ਦਿੰਦਾ। ਸਾਡੇ 'ਚੋਂ ਬਹੁਤੇ ਨਿਆਣੇ, "ਥੂਹ ਕੌੜੀ" 'ਚ ਹੀ ਜਵਾਬ ਦਿੰਦੇ। ਦਾਦਾ ਆਪ ਵੀ ਉੱਡਿਆ ਫਿਰਦਾ ਰਹਿੰਦਾ ਸੀ ਤੇ ਉਹਦੇ ਆਸਰੇ ਪੂਰਾ ਟੱਬਰ ਵੀ ਉੱਡਿਆ ਫਿਰਦਾ ਸੀ। ਨਗੌਰੀ ਵਹਿੜਕੇ ਵਰਗੀ ਚਾਲ ਸੀ ਉਹਦੀ।

ਚਾਚੇ ਜੈਲੇ ਦਾ ਤਾਂ ਕਹਿਣਾ ਹੀ ਕੀ ਸੀ। ਮਿਹਨਤੀ ਪੁੱਜ ਕੇ ਤੇ ਪੂਰਾ ਹਿਸਾਬੀ-ਕਿਤਾਬੀ। ਉਹਦੀ ਘੋਖਵੀਂ ਨਜ਼ਰ ਤੋਂ ਕੋਈ ਵਸਤ ਵੀ ਓਝਲ ਨਹੀਂ ਰਹਿ ਸਕਦੀ ਸੀ ਨਾ ਹੀ ਕੋਈ ਨੁਕਤਾ। ਉਹ ਤਾ ਜਾਣੋ ਜਿਵੇਂ ਟੱਬਰ ਦਾ ਵਿੱਤ

ਮੰਤਰੀ ਸੀ। ਪੈਸੇ-ਧੇਲੇ ਦੀ ਵਿਉਂਤਬੰਦੀ ਦਾ ਸਾਰਾ ਕੰਮ ਉਹਦੇ ਹੱਥ ਹੀ ਸੀ। ਕਿਹੜੇ ਚਾਰ ਸਿਆੜ, ਕਿਸ ਢੰਗ ਨਾਲ ਖ਼ਰੀਦਣੇ ਹਨ, ਕਿਸ ਭਾਅ ਖ਼ਰੀਦਣੇ ਹਨ, ਇਹਦਾ ਅੰਤਮ ਨਿਰਣਾ ਉਹੀ ਕਰਦਾ ਸੀ ਉਹਦਾ ਨਿਰਣਾ ਕਦੇ ਗ਼ਲਤ ਸਾਬਤ ਨਹੀਂ ਸੀ ਹੋਇਆ। ਆੜ੍ਹਤੀਆਂ ਨਾਲ ਸਾਰਾ ਲੇਖਾ-ਜੋਖਾ ਉਹੀ ਕਰਦਾ ਸੀ। ਕੁਝ ਪੈਸੇ ਉਹ ਆੜ੍ਹਤੀਆਂ ਵੱਲ ਛੱਡ ਰੱਖਦਾ ਸੀ, ਜਿਸ ਦੇ ਵਿਆਜ ਵਿੱਚੋ ਘਰ ਦਾ ਰਾਸ਼ਣ -ਪਾਣੀ, ਖਲ ਵੜੇਵੇ ਖੁਲ੍ਹੇ-ਡੁੱਲ੍ਹੇ ਆ ਜਾਂਦੇ ਸਨ। ਮਹੀਨੇ ਵਿਚ ਦੋ ਵਾਰ ਉਹ ਟਰੈਕਟਰ ਤੇ ਸ਼ਹਿਰ ਆੜਤੀਏ ਵੱਲ ਜਾਂਦਾ, ਲਗਭਗ ਸਾਰੀ ਦਿਹਾੜੀ ਆੜ੍ਹਤੀਏ ਕੋਲ ਬਿਤਾਉਂਦਾ। ਆੜ੍ਹਤੀਆ ਉਹਦਾ ਵਿਸ਼ੇਸ਼ ਆਦਰ ਕਰਦਾ ਸੀ, ਘਰੋਂ ਰੋਟੀ ਮੰਗਵਾ ਕੇ ਖ਼ਵਾਉਂਦਾ ਸੀ ਤੇ ਲਾਣੇਦਾਰ ਆਖ ਕੇ ਬਲਾਉਂਦਾ ਸੀ, ਉਹ ਹੈ ਵੀ ਸਾਡੇ ਟੱਬਰ ਦਾ ਲਾਣੇਦਾਰ ਹੀ ਸੀ। ਦੇਹ ਦਾ ਨਰੋਆ ਸੀ, ਪਰ ਦੇਹ ਰੱਖਣੀ ਉਹਦਾ ਸੁਭਾਅ ਨਹੀਂ ਸੀ। ਇਸ ਪੱਖੋਂ ਉਹ ਸਾਡੇ ਕਰਨੈਲ ਉਰਫ ਸੰਨੀ ਦਿਓਲ ਚਾਚੇ ਦਾ ਦੂਜਾ ਧਿਰਾ ਸੀ। ਕੁੜਤਾ -ਪਜਾਮਾ ਪਾਉਂਦਾ,ਪੈਰੀਂ ਸਾਦੀ ਜਿਹੀ ਗੁਰਗਾਬੀ। ਸਿਰ ਤੇ ਉਹਦੇ ਅਕਸਰ ਢਿੱਲੀ ਜਿਹੀ ਗੋਲ ਪੱਗ ਬੰਨ੍ਹੀ ਹੁੰਦੀ। ਉਹਦੀ ਲਾਣੇਦਾਰੀ ਦੇ ਕਮਾਲ ਸਦਕਾ ਸਾਂਝਾ ਟੱਬਰ ਅੱਗੇ ਹੀ ਅੱਗੇ ਵਧਦਾ ਜਾ ਰਿਹਾ ਸੀ। ਤੀਜੀ ਪੀੜ੍ਹੀ ਲਈ ਵੀ ਉਹਨੇ ਤਰੱਕੀ ਦੇ ਰਾਹ ਖੁੱਲੇ ਰੱਖੇ ਹੋਏ ਸਨ। ਕੋਈ ਕਿਸੇ ਚੰਗੇ ਪਾਸੇ ਅੱਗੇ ਵੱਧਣਾ ਚਾਹੁੰਦਾ ਸੀ ਤਾ ਰਾਹ ਵਿਚ ਕੋਈ ਰੁਕਾਵਟ ਨਹੀਂ ਸੀ ਆਉਣ ਦਿੱਤੀ ਜਾਂਦੀ। ਕਿਸੇ ਨਾਲ ਕੋਈ ਵਿਤਕਰਾ ਨਹੀਂ ਸੀ ਕੀਤਾ ਜਾਂਦਾ।

ਚਾਚੇ ਜੈਲੇ ਦੀ ਇਸੇ ਨੀਤੀ ਕਾਰਨ ਹੀ ਮੈਂ ਮੁਕਾਬਲੇ ਦੀ ਪ੍ਰੀਖਿਆ ਪਾਸ ਕਰਕੇ ਸਿੱਧਾ ਪੁਲਿਸ ਅਫਸਰ ਬਣ ਗਿਆ।

ਮਹਾਂਨਗਰ 'ਚ ਰਹਿੰਦਿਆਂ ਹੁਣ ਜਦ ਪਰਤਵੀ ਝਾਤ ਆਪਣੇ ਉਸ ਸਾਂਝੇ ਟੱਬਰ ਉੱਪਰ ਮਾਰਦਾ ਹਾਂ ਤਾਂ ਇਹ ਬੜਾ ਵਚਿੱਤਰ ਲੱਗਦਾ ਹੈ। ਇਉਂ ਜਾਪਦਾ ਹੈ ਜਿਵੇਂ ਇਹ ਕੋਈ ਸਵੈ-ਚਾਲਿਤ ਮਸ਼ੀਨ ਹੋਵੇ। ਘਰ ਸਾਰੇ ਜੀਅ ਮਸ਼ੀਨ ਦੇ ਪੁਰਜ਼ਿਆਂ ਵਰਗੇ। ਮਹਿੰਗੇ-ਸਸਤੇ, ਸਭ ਇੱਕੋ ਜਿੰਨੇ ਜ਼ਰੂਰੀ। ਸਭ ਆਪੋ ਆਪਣੀ ਥਾਂ ਤੇ ਫਿੱਟ। ਇਹ ਟੱਬਰ ਨਾ ਕਿਸੇ ਵਸਤ ਦਾ ਮੁਥਾਜ ਸੀ ਨਾ ਕਿਸੇ ਬਾਹਰਲੇ ਬੰਦੇ ਦਾ।ਕਿਸੇ ਤੱਕ ਕੋਈ ਲੋੜ ਹੀ ਨਹੀਂ ਸੀ ਪਈ। ਦੂਸਰੇ ਪਰਿਵਾਰ ਵੀ ਸਾਡੇ ਪਰਿਵਾਰ ਕੋਲ ਆਪਣੀ ਕਿਸੇ ਲੋੜ ਦਾ ਸਵਾਲ ਨਹੀਂ ਸਨ ਪਾਉਂਦੇ। ਇਸ ਕਰਕੇ ਨਹੀਂ ਕਿ ਸਾਡੇ ਪਰਿਵਾਰ ਵਾਲੇ ਕਿਸੇ ਦੀ ਲੋੜ ਪੂਰੀ ਕਰਨੋਂ ਇਨਕਾਰੀ ਸੀ, ਸਗੋਂ ਇਸ ਕਰਕੇ ਕਿ ਉਹ ਇਵਜ਼ ਵਿਚ ਸਾਡੇ ਪਰਿਵਾਰ ਦੀ ਭਲਾ ਕਿਹੜੀ ਲੋੜ ਪੂਰੀ ਕਰਨਗੇ। ਸਾਂਝੇ ਟੱਬਰ 'ਚ ਰਹਿੰਦਿਆਂ ਮੈਨੂੰ ਇਹ ਗੱਲ ਕਦੇ ਮਹਿਸੂਸ ਨਹੀਂ ਸੀ ਹੋਈ ਕਿ ਆਮ ਕਰਕੇ

ਪਿੰਡ ਦੇ ਦੂਜੇ ਪਰਿਵਾਰ ਸਾਡੇ ਪਰਿਵਾਰ ਨਾਲ ਕੋਈ ਬੁਹਤਾ ਵਾਸਤਾ ਰੱਖਣ 'ਚ ਰੁਚੀ ਨਹੀਂ ਸੀ ਦਿਖਾਉਂਦੇ, ਹਾਲਾਂ ਕਿ ਉਹ ਸਾਡੇ ਪਰਿਵਾਰ ਨੂੰ ਕੋਈ ਬੁਰਾ ਵੀ ਨਹੀਂ ਸਨ ਸਮਝਦੇ। ਸਾਡੇ ਇਸ ਚੰਗੇ ਸਾਂਝੇ ਪਰਿਵਾਰ ਦੇ ਲਾਣੇਦਾਰ ਚਾਚੇ ਜੈਲੈ ਦੀ ਸਿਆਣਪ ਦਾ ਤਾਂ ਹਰ ਕੋਈ ਕਾਇਲ ਸੀ।

ਲੋਕ ਹੀ ਕਿਉਂ ਚਾਚਾ ਜੈਲਾ ਖ਼ੁਦ ਵੀ ਆਪਣੀ ਸਿਆਣਪ ਤੇ ਫ਼ਖ਼ਰ ਕਰਦਾ ਸੀ। ਆਤਮਵਿਸ਼ਵਾਸ ਦੀ ਉਹਦੇ ਵਿਚ ਕੋਈ ਕਮੀ ਨਹੀਂ ਸੀ। ਪਰਿਵਾਰ ਦੀ ਪੂਰੀ ਚੜ੍ਹਤ ਸਮੇਂ ਉਹਦੇ ਮਨ ਵਿਚ ਆਇਆ ਕਿ ਉਹ ਆਪਣੀ ਸਿਆਣਪ ਨੂੰ ਕਿਸੇ ਵੱਡੇ ਰੁਤਬੇ ਵਿਚ ਤਬਦੀਲ ਕਰੇ। ਇਹ ਗੱਲ ਮੇਰੇ ਨਾਲ ਸਾਂਝੀ ਕਰਦਿਆਂ ਉਹਨੇ ਇਕ ਦਿਨ ਮੈਥੋਂ ਪੁੱਛਿਆਂ, ''ਐਸ ਉਮਰੇ, ਹੁਣ ਭਲਾ ਮੈਂ ਕਿਹੜੇ ਰੁਤਬੇ ਦਾ ਹੱਕਦਾਰ ਹਾਂ ? ''

ਮੈਂ ਚਾਮ੍ਹਲ ਕੇ ਜਵਾਬ ਦਿੱਤਾ, ''ਐਸ ਉਮਰੇ, ਚਾਚਾ, ਤੂੰ ਡੀ ਸੀ ਤਾਂ ਨਾ ਲੱਗਣੋ ਰਿਹਾ !''

ਚਾਚਾ ਜੈਲਾ ਅੱਗੋਂ ਮੁਸਕਰਾ ਪਿਆ, ਫਿਰ ਕੁੱਝ ਸੋਚ ਕੇ ਬੋਲਿਆ, ''ਫੇਰ ਵੀ ਬਿੰਦਰ, ਕੁਝ ਸੋਚ ਕੇ ਦੱਸ।''

''ਤੂੰ ਕੋਈ ਚੋਣ ਲੜ ਲੈ ਚਾਚਾ, ਏਧਰ ਕੁਝ ਬਣ ਸਕਦਾਂ, ਪਰ ਚਾਚਾ ਤੇਰੇ ਕੋਲ ਪਹਿਲਾਂ ਹੀ ਲਾਣੇਦਾਰੀ ਹੈਗੀ ਆ, ਕਾਹਨੂੰ ਪੰਗਾ ਲੈਣਾ। ''

''ਕਿਉਂ ਪੰਗਾ ਕਾਹਦਾ, ਆਪਾਂ ਲੜਾਂਗੇ ਚੋਣ ਤੇ ਜਿੱਤਾਂਗੇ ਵੀ।'' ਚਾਚੇ ਦਾ ਚਿਹਰਾ ਖਿੜ ਗਿਆ ਸੀ।

ਉਹਨੂੰ ਅੱਗੇ ਵਧਣ ਦੀ ਜਿਵੇਂ ਦਿਸ਼ਾ ਮਿਲ ਗਈ ਸੀ। ਉਹਨੂੰ ਪੂਰਾ ਭਰੋਸਾ ਸੀ ਕਿ ਉਹ ਕਿਸੇ ਵਡੇਰੇ ਰੁਤਬੇ ਦਾ ਹੱਕਦਾਰ ਹੈ ਤੇ ਆਪਣੀ ਸਿਆਣਪ ਨਾਲ ਜਿਵੇਂ ਉਹ ਪਹਿਲਾਂ ਇਕ ਤੋਂ ਮਗਰੋਂ ਇਕ ਮੱਲ ਮਾਰਦਾ ਆਇਆ ਸੀ, ਹੁਣ ਵੀ ਇਕ ਤੋਂ ਬਾਅਦ ਇਕ ਚੋਣ ਜਿੱਤੇਗਾ ਤੇ ਪਿੱਛੇ ਮੁੜ ਕੇ ਨਹੀਂ ਦੇਖੇਗਾ। ਸ਼ੁਰੂ ਕਰੇਗਾ ਨੇੜੇ ਆ ਰਹੀ ਪੰਚਾਇਤ ਦੀ ਚੋਣ ਤੋਂ। ਆਪਣੇ ਵਾਰਡ 'ਚ ਮੈਂਬਰੀ ਲੜੇਗਾ।

''ਆਖ਼ਰ ਸਾਰੇ ਵੱਡੇ ਲੀਡਰ ਪੰਚਾਇਤ ਮੈਂਬਰੀ ਤੋਂ ਹੀ ਤਾਂ ਆਪਣਾ ਰਾਜਨੀਤਕ ਸਫ਼ਰ ਸ਼ੁਰੂ ਕਰਦੇ ਹਨ।'' ਆਪਣੇ ਇਸ ਬਿਆਨ ਨਾਲ ਚਾਚੇ ਜੈਲੇ ਨੇ ਸ਼ੁਰੂ 'ਚ ਹੀ ਆਪਣੇ ਆਪ ਨੂੰ 'ਵੱਡੇ ਲੀਡਰਾਂ' ਦੀ ਕਤਾਰ 'ਚ ਖੜ੍ਹਾ ਕਰ ਲਿਆ ਸੀ। ਪਰਿਵਾਰ ਨੇ ਚਾਚੇ ਦੇ ਫੈਸਲੇ ਤੇ ਫੁੱਲ ਚੜ੍ਹਾ ਦਿੱਤੇ। ਪੰਚਾਇਤ ਚੋਣਾਂ 'ਚ ਉਹ ਮੈਂਬਰੀ ਦੀ ਚੋਣ ਲਈ ਅਖਾੜੇ 'ਚ ਆ ਗਿਆ। ਉਹ ਹਾਰ ਗਿਆ। ਪਰਿਵਾਰ 'ਚ ਹਾਰ ਦਾ ਵਿਸ਼ਲੇਸ਼ਣ ਹੋਇਆ, ਸਿੱਟਾ ਇਹ ਕੱਢਿਆ ਗਿਆ ਕਿ ਚਾਚਾ ਅਜੇ ਨਵਾਂ ਉਮੀਦਵਾਰ ਸੀ। ਸੋ, ਅਗਲੀ ਵਾਰ ਫਿਰ ਚੋਣ

ਲੜੀ ਜਾਵੇਗੀ। ਪੰਜ ਸਾਲ ਤਾਂ ਝੱਟ ਬੀਤ ਜਾਣੇ ਹਨ। ਚਾਚੇ ਨੇ ਵੀ ਹੌਂਸਲਾ ਨਾ ਹਾਰਿਆ। ਉਹਨੂੰ ਤਸੱਲੀ ਸੀ ਕਿ ਚੱਲੋ, ਇਕ ਉਮੀਦਵਾਰ ਵਜੋਂ ਉਹਦੀ ਪਛਾਣ ਬਣ ਗਈ ਹੈ।

ਜਿਵੇਂ ਕਹਿੰਦੇ ਹਨ ਕਿ ਸਮਾਂ ਬੀਤਦਿਆਂ ਕੀ ਦੇਰ ਲਗਦੀ ਹੈ ਪੰਜ ਸਾਲ ਤਾਂ ਅੱਖ ਦੇ ਫੋਰ ਵਿਚ ਹੀ ਬੀਤ ਗਏ ਲੱਗੇ। ਪੰਚਾਇਤ ਦੀਆ ਚੋਣਾਂ ਆਈਆਂ, ਚਾਚੇ ਨੇ ਫਿਰ ਆਪਣੇ ਨਾਮਜ਼ਦਗੀ ਕਾਗਜ਼ ਭਰ ਦਿੱਤੇ। ਐਤਕੀਂ ਉਹਨੇ ਇਕ ਦਾਅ ਖੇਡਿਆ ,ਪਿੰਡ ਦੇ ਇਕ ਚੁਸਤ ਨੀਤੀ ਘਾੜੇ ਚੰਦ ਚੌਧਰੀ ਨੂੰ ਆਪਣੇ ਨਾਲ ਤੋਰ ਲਿਆ। ਚੰਦ ਚੌਧਰੀ ਨੇ ਚਾਚੇ ਨੂੰ 'ਨੇਕ' ਸਲਾਹ ਦਿੱਤੀ; "ਲਾਣੇਦਾਰਾ, ਜੇ ਚੋਣ ਜਿੱਤਣੀ ਆ ਤਾਂ ਮੇਰੀ ਗੱਲ ਮੰਨ। ਘਰੇ ਭੱਠੀ ਲਾਉਨੇ ਆਂ, ਦਾਰੂ ਦਾ ਲੰਗਰ ਲਾ ਦੇ, ਦੇਖੀਂ ਫਿਰ ਵੋਟਾਂ ਡਿੱਗਦੀਆਂ।"

ਚਾਚੇ ਨੇ ਆਪਣੇ ਸਟਾਰ ਪ੍ਰਚਾਰਕ ਦੀ ਸਲਾਹ ਤੇ ਸਿਰ ਫੇਰਦਿਆਂ ਕਿਹਾ," ਨਾ ਬਈ, ਚੰਦ ਸਿਆਂਹ, ਇਹ ਕੰਮ ਨੀਂ ਕਰਨਾ, ਲਾਣੇ ਨੂੰ ਧੱਬਾ ਨੀਂ ਲੱਗਣ ਦੇਣਾ, ਪਰਵਾਹ ਨਾ ਕਰ, ਜਿੱਤ ਤਾਂ ਆਪਾਂ ਊਈਂ ਜਾਣਾ, ਪਿਛਲੀ ਵਾਰ ਤਾਂ ਨਵੇਂ ਸੀ। "

"ਚੰਗਾ ਬਈ ਲਾਣੇਦਾਰਾ, ਤੇਰੀ ਮਰਜ਼ੀ।" ਆਖ ਉਹਦਾ ਸਟਾਰ ਪ੍ਰਚਾਰਕ ਉਹਦੇ ਨਾਲ ਦਿਨ-ਰਾਤ ਵੋਟਾਂ ਲਈ ਕਹਿਣ ਵਾਸਤੇ ਤੁਰਿਆ ਤਾਂ ਫਿਰਦਾ ਰਿਹਾ, ਪਰ ਉਹਨੇ ਕੋਈ 'ਨੇਕ ਸਲਾਹ' ਦੇਣ ਤੋਂ ਸੰਕੋਚ ਕਰੀ ਰੱਖਿਆ।

ਚਾਚਾ ਜੈਲਾ ਇਹ ਚੋਣ ਵੀ ਹਾਰ ਗਿਆ ਤੇ ਮੇਰੇ ਦੇਖਦੇ-ਦੇਖਦੇ ਉਹ ਤੀਜੀ ਚੋਣ ਵੀ ਹਾਰ ਗਿਆ। ਇਸ ਅਰਸੇ ਦੌਰਾਨ ਸਾਡੇ ਪਰਿਵਾਰ ਦੀ ਤੀਜੀ ਪੀੜ੍ਹੀ ਲਈ ਉਹ 'ਚਾਚਾ ਚੋਣਾਂ ਵਾਲਾ' ਬਣ ਗਿਆ ਸੀ। ਤੀਜੀ ਚੋਣ ਤੱਕ ਵੀ ਉਹਦਾ ਸਟਾਰ ਪ੍ਰਚਾਰਕ ਚੰਦ ਚੌਧਰੀ ਹੀ ਸੀ। ਉਹ ਨਤੀਜੇ ਮਗਰੋਂ ਚਾਚੇ ਦਾ ਦਿਲ ਧਰਾਉਣ ਘਰ ਆਇਆ ਤਾਂ ਮਸੋਸੇ ਜਿਹੇ ਮੂੰਹ ਨਾਲ ਚਾਚੇ ਨੇ ਪੁੱਛਿਆ,"ਚੰਦ ਸਿਆਂਹ, ਕਹਾਣੀ ਸਮਝੋ ਬਾਹਰ ਆ, ਆਪਣੇ ਟੱਬਰ ਨੇ ਤਾਂ ਕਿਸੇ ਦਾ ਕੋਈ ਚੰਗਾ -ਮਾੜਾ ਵੀ ਨੀਂ ਕੀਤਾ।"

"ਬਸ ਤਾਂ ਹੀ ਹਾਰ ਗਿਐਂ, ਲਾਣੇਦਾਰਾ !" ਚੰਦ ਚੌਧਰੀ ਨੇ ਸੌ ਦੀ ਇਕ ਸੁਣਾਈ, ਦਾਦੇ ਕੋਲੋਂ ਵਿਸਕੀ ਦਾ ਪੈੱਗ ਲਿਆ, ਇਕੋ ਸਾਹੇ ਪੀ ਕੇ, ਮੁਰਗੇ ਦੀ ਲੱਤ ਚਰੂੰਡੀ ਤੇ ਘਰ ਨੂੰ ਤੁਰ ਗਿਆ ਜਿਵੇ ਕੋਈ ਆਪਣੀ ਡਿਊਟੀ ਤੋਂ ਫਾਰਗ ਹੋ ਕੇ ਜਾਂਦਾ ਹੈ। ਚੰਦ ਚੌਧਰੀ ਵਾਕਿਆ ਹੀ ਕੋਈ ਵੱਡੀ ਗੱਲ ਕਹਿ ਗਿਆ ਸੀ, ਜਿਸਦਾ ਪੂਰਾ ਸੱਚ ਅਜੇ ਵੀ ਮੇਰੀ ਪਕੜ 'ਚ ਆਉਣ ਤੋਂ ਰਹਿ ਜਾਂਦਾ ਹੈ।

ਸਾਂਝੇ ਟੱਬਰ ਦੀ ਤੀਜੀ ਪੀੜ੍ਹੀ ਭਾਵ ਮੈਂ ਤੇ ਭੈਣ ਭਰਾ,ਕੀ ਸਕੇ ਤੇ ਕੀ

ਚਚੇਰੇ, ਸਭ ਉਡਾਰ ਹੋ ਗਏ ਸਨ। ਮੈਂ ਬੀ.ਟੈੱਕ ਕਰਨ ਮਗਰੋਂ ਨੇੜਲੇ ਇਕ ਕਾਲਜ ਵਿਚ ਪੜ੍ਹਾਉਣ ਜਾਣ ਲੱਗਾ ਸਾਂ ਤੇ ਨਾਲ ਹੀ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿਚ ਬੈਠਣ ਲੱਗਾ ਸਾਂ। ਸ਼ਹਿਰ ਮੇਰਾ ਵੀ ਆਉਣ -ਜਾਣ ਵਧ ਗਿਆ ਸੀ, ਪਰ ਪਰਿਵਾਰਿਕ ਕੰਮਾਂ ਲਈ ਮੈਂ ਕਦੇ ਘੱਟ ਹੀ ਸ਼ਹਿਰ ਗਿਆ ਸਾਂ। ਇਹ ਕੰਮ ਸਾਡਾ 'ਚੋਣਾਂ ਵਾਲਾ ਚਾਚਾ' ਹੀ ਕਰਦਾ ਸੀ। ਕੱਪੜਾ-ਲੀੜਾ ਹਰ ਕੋਈ ਆਪਣੀ ਮਰਜ਼ੀ ਅਨੁਸਾਰ ਲੈ ਆਉਂਦਾ ਸੀ। ਵੱਡੇ ਲੈਣ-ਦੇਣ ਦੀ ਮੁਖ਼ਤਿਆਰੀ ਚਾਚੇ ਕੋਲ ਹੀ ਸੀ। ਹਰ ਜੀਅ, ਚਾਚੇ ਦੀ ਲਾਣੇਦਾਰੀ ਤੇ ਰੱਬ ਜਿਨ੍ਹਾਂ ਭਰੋਸਾ ਕਰਦਾ ਸੀ। ਪਰ, ਚਾਚਾ ਗੁੰਮ-ਸੁੰਮ ਰਹਿਣ ਲੱਗ ਪਿਆ। ਕੀ ਚਾਚਾ ਕੰਮ ਦਾ ਬੋਝ ਮਹਿਸੂਸ ਕਰਨ ਲੱਗ ਪਿਆ ਸੀ? ਅਜਿਹੀ ਤਾ ਕੋਈ ਸੰਭਾਵਨਾ ਨਜ਼ਰ ਨਹੀਂ ਸੀ ਆਉਂਦੀ,ਕਿਉਂਕਿ ਸਾਰੇ ਕੰਮਾਂ ਵਿਚ ਉਹਦੀ ਦਿਲਚਸਪੀ ਪਹਿਲਾਂ ਵਾਂਗ ਹੀ ਬਣੀ ਹੋਈ ਸੀ। ਫਿਰ ਗੱਲ ਕੀ ਸੀ? ਹੁਣ ਤਾ ਟੈਸਟ ਰਿਪੋਰਟਾਂ ਵੀ ਕਹਿ ਰਹੀਆਂ ਸਨ ਕਿ ਚਾਚੇ ਨੂੰ ਬਿਮਾਰੀ ਵੀ ਕੋਈ ਨਹੀਂ, ਚਾਚੇ ਨੂੰ ਮਾਨਸਿਕ ਰੋਗਾਂ ਦੇ ਮਾਹਿਰ ਨੂੰ ਦਿਖਾਉਣ ਦੀ ਸਲਾਹ ਮਿਲੀ ਤਾਂ ਟੱਬਰ ਏਸ ਰਾਹ ਹੋ ਤੁਰਿਆ। ਮਨੋਰੋਗਾਂ ਦੇ ਮਾਹਿਰ ਡਾਕਟਰ ਨੂੰ ਪਰਦੇ ਨਾਲ ਚੋਣਾਂ ਹਾਰਨ ਵਾਲੀ ਗੱਲ ਦੱਸੀ ਗਈ ਤਾਂ ਉਹਨੇ ਕਿਹਾ ਜਿਨ੍ਹਾਂ ਚਿਰ ਜਰਨੈਲ ਸਿੰਘ ਕੋਈ ਚੋਣ ਨਹੀਂ ਜਿੱਤਦਾ ਇਹ ਸਦਮੇ 'ਚ ਹੀ ਰਹੇਗਾ, ਕੋਈ ਚੋਣ ਜਿਤਾਉਣ ਦਾ ਹੀਲਾ ਕਰੋ। ਟੱਬਰ ਲਈ ਕਾਫੀ ਵੱਡੀ ਚੁਣੌਤੀ ਖੜੀ ਹੋ ਗਈ। ਸਾਰਾ ਟੱਬਰ ਸੋਚੀ ਪੈ ਗਿਆ, ਆਖ਼ਰ ਚਾਚੇ ਨੂੰ ਕਿਹੜੀ ਚੋਣ ਲੜਾਈ ਜਾਵੇ, ਜਿਸ ਵਿਚ ਜਿੱਤ ਵੀ ਯਕੀਨੀ ਹੋਵੇ ਤੇ ਚੋਣ ਹੋਵੇ ਵੀ ਨੇੜੇ। ਅਜਿਹੀ ਕੋਈ ਚੋਣ ਨਜ਼ਰ ਨਹੀਂ ਸੀ ਆ ਰਹੀ।

ਇਸ ਔਖੀ ਘੜੀ ਦਾਦੇ ਦਾ ਦਿਮਾਗ਼ ਕੰਮ ਆਇਆ।

ਦਾਦੇ ਨੇ ਭਾਪੇ ਨਾਲ ਸਲਾਹ ਕੀਤੀ ਕਿ ਘਰ ਵਿਚ ਹੀ ਚੋਣ ਲੜਾਈ ਜਾਵੇ। ਚੋਣ ਦਾ ਪੂਰਾ ਰੋਡ ਮੈਪ ਤਿਆਰ ਕਰਕੇ ਭਾਪੇ ਨੇ ਮੈਨੂੰ ਹਦਾਇਤ ਕੀਤੀ, "ਲੈ ਬਈ ਬਿੰਦਰਾ, ਤਿਆਰ ਹੋ ਜਾ!"

ਮੇਰੇ ਨਾਂਹ......ਨਾਂਹ ਕਰਦਿਆਂ, ਭਾਪਾ ਮੇਰੇ ਸਿਰ ਜੁੰਮੇਵਾਰੀ ਪਾ ਗਿਆ।

ਘਰ 'ਚ ਘੁਸਰ -ਮੁਸਰ ਸ਼ੁਰੂ ਹੋ ਗਈ। ਗੱਲ ਦਾਦੇ ਤੱਕ ਪਹੁੰਚ ਗਈ, ਚਾਚਾ ਕਹਿੰਦਾ 'ਇਹ ਕਿਵੇਂ ਹੋਜੂ ? ਮੇਰੇ ਕੰਮ 'ਚ ਨੁਕਸ ਕੀ ਏ ? ਦਾਦਾ ਕਹਿੰਦਾ, 'ਨਵੇਂ ਪੋਚ ਨੂੰ ਟਿਕਾਉਣਾ ਤਾਂ ਪਊਗਾ ਹੀ, ਪਾਸੇ ਧੱਕ ਕੇ ਨਹੀਂ ਸਰਨਾ ?

ਮੁੱਦਾ ਇਹ ਸੀ ਕਿ ਬਿੰਦਰ ਲਾਣੇਦਾਰੀ ਮੰਗਦੈ, ਕਹਿੰਦਾ ਹੁਣ ਸਮਾਂ ਬਦਲ ਗਿਐ।

ਦਾਦਾ ਕਹਿੰਦਾ, 'ਇਸ ਮੁੱਦੇ 'ਤੇ ਵੋਟਾਂ ਪੁਆ ਲਓ।'

ਚੋਣਾਂ ਲਈ ਆਧਾਰ ਤਿਆਰ ਹੋ ਗਿਆ। ਵੋਟਾਂ ਦਾ ਦਿਨ ਨਿਸ਼ਚਿਤ ਹੋ ਗਿਆ।

ਵੋਟਾਂ ਵਾਲੇ ਦਿਨ ਤੱਕ ਮੈਂ ਚੋਣਾਂ ਵਾਲੇ ਚਾਚੇ ਨਾਲ ਨਾਰਾਜ਼ ਵੀ ਨਜ਼ਰ ਆਉਣਾ ਸੀ। ਘਰ ਦੇ ਉਹ ਸਾਰੇ ਜੀਅ, ਜਿਨ੍ਹਾਂ ਨੇ ਸੁਰਤ ਸੰਭਾਲੀ ਹੋਈ ਸੀ, ਵੋਟਰ ਮੰਨ ਲਏ ਗਏ। ਵੋਟਾਂ ਵਾਲੇ ਦਿਨ ਤਿੰਨ ਡੱਬੇ ਜਿੰਦਰਾ ਮਾਰ ਕੇ ਰੱਖੇ ਗਏ। ਜਿੰਦਰਾ ਮਾਰਨ ਤੋਂ ਪਹਿਲਾਂ ਇਕ-ਇਕ ਅੰਦਰ ਉਮੀਦਵਾਰਾਂ ਦੀ ਝਾਤ ਮਰਵਾਈ ਗਈ। ਇਕ ਉਪਰ ਜਰਨੈਲ ਸਿੰਘ, ਦੂਜੇ ਉਪਰ ਕੁਲਵਿੰਦਰ ਸਿੰਘ ਤੇ ਤੀਜੇ ਉਪਰ ਨੋਟਾ ਦੀ ਚੇਪੀ ਚਿਪਕਾਈ ਗਈ। ਦਾਦੇ ਨੂੰ ਨਿਗਰਾਨ ਬਣਾਇਆ ਗਿਆ, ਫ਼ੈਸਲਾ ਕੀਤਾ ਗਿਆ ਕਿ ਜੇਕਰ ਵੋਟਾਂ ਬਰਾਬਰ ਨਿਕਲੀਆਂ ਤਾਂ ਨਿਰਣਾ ਦਾਦੇ ਦੀ ਵੋਟ ਨਾਲ ਕੀਤਾ ਜਾਵੇਗਾ। ਕੁੱਲ ਸੋਲਾਂ ਵੋਟਾਂ ਸਨ।

ਵੋਟਾਂ ਵਾਲਾ ਦਿਨ ਆਇਆ। ਮੱਤਦਾਨ ਗੁਪਤ ਕਰਵਾਇਆ ਗਿਆ। ਜਿਸ ਕਮਰੇ ਵਿਚ ਵੋਟਾਂ ਪੁਆਈਆਂ ਗਈਆਂ ਉੱਥੇ ਕੇਵਲ ਦਾਦਾ ਹੀ ਪਰਚੀਆਂ ਲੈ ਕੇ ਬੈਠਾ ਹੋਇਆ ਸੀ। ਸਭ ਨੇ ਵਾਰੋ-ਵਾਰੀ ਵੋਟ ਪਾਈ। ਵੋਟ ਪਾਉਣ ਦੀ ਪ੍ਰਕਿਰਿਆ ਮੁਕੰਮਲ ਹੋਣ ਤੋਂ ਤੁਰੰਤ ਬਾਅਦ ਸਭ ਦੀ ਮੌਜੂਦਗੀ ਵਿਚ ਡੱਬੇ ਖੋਲ੍ਹੇ ਗਏ। ਕੁੱਲ ਪਾਈਆਂ ਸੋਲਾਂ ਵੋਟਾਂ ਵਿੱਚੋ ਚੌਦਾਂ ਚਾਚੇ ਦੇ ਪੱਖ ਵਿਚ ਪਾਈਆਂ ਸਨ। ਦੋ ਮੇਰੇ ਵਾਲੇ ਡੱਬੇ ਵਿੱਚੋ ਨਿਕਲੀਆਂ। ਨੋਟਾਂ ਵਾਲਾ ਡੱਬਾ ਖ਼ਾਲੀ ਰਿਹਾ। ਸਭ ਨੇ ਤਾੜੀ ਮਾਰੀ। ਚੋਣਾਂ ਵਾਲਾ ਚਾਚਾ ਭਾਰੀ ਬਹੁਮੱਤ ਨਾਲ ਜੇਤੂ ਐਲਾਨਿਆਂ ਗਿਆ। ਮੈਂ ਆਪਣੇ ਹਾਰ ਮੰਨੀ ਤੇ ਚਾਚੇ ਨੂੰ ਵਧਾਈ ਦੇ ਕੇ ਉਹਦੇ ਚਰਨ ਛੂਹੇ। ਦਾਦੇ ਨੇ ਚਾਚੇ ਨੂੰ ਹਾਰ ਪਾ ਕੇ ਗਲ਼ ਨਾਲ ਲਾਇਆ ਤੇ ਆਸ਼ੀਰਵਾਦ ਦਿੱਤਾ।

ਉਸ ਘੜੀ ਚਾਚੇ ਦੇ ਚਿਹਰੇ ਦਾ ਜਲੌਅ ਵੇਖਣਾ ਹੀ ਬਣਦਾ ਸੀ। ਉਹਦੀਆਂ ਅੱਖਾਂ ਦੀ ਅਕਾਊ ਮੁਰਦੇਹਾਣ ਜਿਹੀ ਗਾਇਬ ਹੋ ਗਈ ਸੀ ਤੇ ਇਹ ਮੁੜ ਤੋਂ ਲਿਸ਼ਕ ਉੱਠੀਆਂ ਸਨ।

ਚਾਚਾ ਘਰ ਦੇ ਸਾਰੇ ਜੀਆਂ ਦੀ ਵਧਾਈ ਕਬੂਲਦਾ ਹੋਇਆ ਕਹੀ ਜਾ ਰਿਹਾ ਸੀ, "ਐਨੀ ਵੱਡੀ ਜਿੱਤ! ਸਾਲਾ, ਯਕੀਨ ਜਿਹਾ ਹੀ ਨਹੀਂ ਆਉਂਦਾ!"

ਸਲਾਮ ਗਰੇਟਾ

"ਹੁਣੇ ਐਸ.ਐਸ.ਪੀ. ਦੇ ਦਫ਼ਤਰੋਂ ਬਾਹਰ ਨਿੱਕਲੀ ਹਾਂ.........।" ਉਹਨੇ ਫ਼ੋਨ ਕੀਤਾ। ਮੈਂ ਪੂਰੀ ਗੱਲ ਨਹੀਂ ਸੁਣੀ। ਅਸਲ ਗੱਲ ਤਾਂ ਅਜੇ ਉਹਦੇ ਮੂੰਹ ਵਿਚ ਹੀ ਸੀ, ਪਰ ਮੈਂ ਉਹਨੂੰ ਵਿਚੋਂ ਹੀ ਟੋਕ ਕੇ ਉਹਦੀ ਹਿੰਮਤ ਦੀ ਦਾਦ ਦੇਣ ਲੱਗਾ, "ਵਾਹ, ਸਾਬਾਸ਼ !......।"ਅਸਲ ਗੱਲ ਨੂੰ ਮੂੰਹ 'ਚ ਹੀ ਰੱਖ ਉਹਨੇ ਫ਼ੋਨ ਉੱਪਰ ਮੇਰੀ ਪ੍ਰਸੰਸਾ ਪ੍ਰਤੀ ਜਗਿਆਸਾ ਪ੍ਰਗਟਾਉਂਦਿਆਂ ਪੁੱਛਿਆ, "ਕੌਣ ਗਰੇਟਾ?" ਮੈਂ ਉਹਨੂੰ ਦੱਸਿਆ ਕਿ ਗਰੇਟਾ ਨਿਊਜ਼ੀਲੈਂਡ ਦੀ ਇਕ ਛੋਟੀ ਬਾਲੜੀ ਹੈ। ਇਸ ਲੜਕੀ ਨੇ ਕੁਝ ਦਿਨ ਪਹਿਲਾਂ ਸੰਯੁਕਤ ਰਾਸ਼ਟਰ ਸੰਘ ਦੇ ਵਿਸ਼ੇਸ਼ ਇਜਲਾਸ ਵਿਚ ਵਾਤਾਵਰਣ ਦੇ ਵਿਗਾੜਾਂ ਉੱਪਰ ਸ਼ਾਨਦਾਰ ਭਾਸ਼ਣ ਦਿੱਤਾ। ਕੁੱਲ ਦੁਨੀਆ ਦਾ ਧਿਆਨ ਗੰਭੀਰ ਹਾਲਾਤ ਅਖ਼ਤਿਆਰ ਕਰ ਚੁੱਕੇ ਵਾਤਾਵਰਣਕ ਪ੍ਰਦੂਸ਼ਣ ਉੱਪਰ ਕੇਂਦਰਿਤ ਕਰਦਿਆਂ ਉਹਨੇ ਉਦਯੋਗਿਕ ਸਭਿਅਤਾ ਦੇ ਵੱਡੇ ਅਲੰਬਰਦਾਰਾਂ ਨੂੰ ਦੁਨੀਆ ਭਰ ਦੇ ਕੁੱਲ ਬਾਲਾਂ ਵਲੋਂ ਉਲਾਂਭਾ ਦਿੱਤਾ। ਉਹਨੇ ਕਿਹਾ ਕਿ ਵਾਤਾਵਰਣ ਵਿਚ ਜ਼ਹਿਰ ਘੋਲ਼ ਕੇ ਉਨ੍ਹਾਂ ਨੇ ਬੱਚਿਆਂ ਨੂੰ ਉਨ੍ਹਾਂ ਦੇ ਭਵਿੱਖ ਤੋਂ ਵੰਚਿਤ ਕਰ ਦਿੱਤਾ ਹੈ।

"ਪਰ ਮੇਰੀ ਗੱਲ ਤਾਂ ਸੁਣੋ......ਸੁਣੋ ਤਾਂ ਸਹੀ......ਕੀ ਕਿਹਾ ਐਸ.ਐਸ. ਪੀ. ਨੇ......।" "ਕੁਝ ਵੀ ਕਿਹਾ ਹੋਵੇ ਸੁਖਪਾਲ! ਤੇਰਾ ਐਸ.ਐਸ. ਪੀ. ਦੇ ਦਫ਼ਤਰ ਤੱਕ ਆਪਣੀ ਆਵਾਜ਼ ਪੁਚਾ ਆਉਣਾ ਉਵੇਂ ਹੀ ਹੈ ਜਿਵੇਂ ਗਰੇਟਾ ਦਾ ਸੰਯੁਕਤ ਰਾਸ਼ਟਰ ਸੰਘ ਵਿਚ ਕਮਾਲ ਦੇ ਆਤਮ ਵਿਸ਼ਵਾਸ ਨਾਲ ਪ੍ਰਦੂਸ਼ਣ ਬਾਰੇ ਭਾਸ਼ਣ ਦੇਣਾ।"ਉਹਦੀ ਮੁਹਿੰਮ ਦਾ ਅੰਜ਼ਾਮ ਸੁਣਨ ਤੋਂ ਪਹਿਲਾਂ ਮੈਂ ਇਕ ਵਾਰ ਫਿਰ ਦੁਹਰਾਇਆ,"ਵਾਹ, ਗਰੇਟਾ, ਵਾਹ। "

"ਮੇਰੀ ਗੱਲ ਸੁਣੋਂਗੇ ਵੀ ਕਿ ਨਹੀਂ...ਫ਼ੋਨ ਬੰਦ ਕਰ ਦਿਆਂ?" ਸੁਖਪਾਲ ਆਪਣੀ ਪ੍ਰਸੰਸਾ ਤੋਂ ਥੋੜ੍ਹੀ ਉਕਤਾ ਗਈ ਜਾਪਦੀ ਸੀ। ਦਰਅਸਲ, ਆਪਣੀ ਸਮੱਸਿਆ ਲੈ ਕੇ ਪੁਲਿਸ ਅਧਿਕਾਰੀ ਨੂੰ ਮਿਲਣ ਲਈ ਮੈਂ ਹੀ ਉਹਨੂੰ ਭੇਜਿਆ ਸੀ। ਮੈਨੂੰ ਪੂਰੀ ਉਮੀਦ ਸੀ ਕਿ ਇਹ ਪੁਲਿਸ ਅਧਿਕਾਰੀ ਜ਼ਰੂਰ ਸੁਖਪਾਲ ਵਲੋਂ ਉਠਾਏ ਗਏ ਮੁੱਦੇ ਦਾ ਕੋਈ ਠੋਸ ਹੱਲ ਲੱਭੇਗਾ ਅਤੇ ਇਨਸਾਫ਼ ਲਈ ਰਾਹ ਪੱਧਰਾ ਕਰੇਗਾ। ਇਹ ਪੁਲਿਸ ਅਧਿਕਾਰੀ ਕਾਫ਼ੀ ਇਮਾਨਦਾਰ ਤੇ ਸੰਵੇਦਨਸ਼ੀਲ ਵਿਅਕਤੀ ਵਜੋਂ ਜਾਣਿਆ ਜਾਂਦਾ ਸੀ। ਮੈਂ ਉਹਨੂੰ ਫ਼ੋਨ ਬੰਦ ਨਾ

ਕਰਨ ਦਿੱਤਾ। ਉਹਨੇ ਉਹ ਸਾਰੀ ਵਾਰਤਾਲਾਪ ਸੁਣਾਈ ਜੋ ਉਹਦੀ ਐਸ.ਐਸ. ਪੀ. ਨਾਲ ਹੋਈ ਸੀ।

ਗੋਰੀ ਨਿਛੋਹ ਕੁੜੀ ਸੀ ਸੁਖਪਾਲ। ਮੇਰੇ ਕਾਲਜ ਦੇ ਦਫ਼ਤਰ ਵਿਚ ਕੰਪਿਊਟਰ ਅਪਰੇਟਰ ਦੀ ਅਸਥਾਈ ਨੌਕਰੀ ਕਰਦੀ ਸੀ। ਅੰਤਾਂ ਦੀ ਖ਼ੂਬਸੂਰਤ। ਮੈਂ ਕਦੇ-ਕਦੇ ਹੱਸਦਾ ਉਹਨੂੰ ਆਖਦਾ, "ਸੁਖਪਾਲ, 'ਹੱਥ ਲਾਇਆਂ ਮੈਲ਼ੇ ਹੋਣ ' ਵਾਲਾ ਮੁਹਾਵਰਾ ਤਾਂ ਬਹੁਤ ਚਿਰ ਪਹਿਲਾਂ ਬਣ ਗਿਆ ਸੀ, ਇਹਨੂੰ ਅਸਲੀਅਤ ਵਿਚ ਬਦਲਣ ਲਈ ਤੂੰ ਹੀ ਜਨਮ ਲੈਣ ਵਿਚ ਦੇਰ ਕਰ ਦਿੱਤੀ।ਉਹਨੂੰ ਆਪਣੀ ਖ਼ੂਬਸੂਰਤੀ 'ਤੇ ਉਸੇ ਤਰ੍ਹਾਂ ਮਾਣ ਸੀ ਜਿਸ ਤਰ੍ਹਾਂ ਜ਼ਿਆਦਾਤਰ ਖ਼ੂਬਸੂਰਤ ਲੋਕਾਂ ਨੂੰ ਮਾਣ ਹੋਇਆ ਕਰਦਾ ਹੈ, ਫਿਰ ਵੀ ਉਹ ਮਾਣ ਦਾ ਭਾਵ ਗੁਮਾਨ ਵਿਚ ਤਬਦੀਲ ਨਾ ਹੋਣ ਦਿੰਦੀ ਤੇ "ਤੁਸੀਂ ਵੀ ਬਸ ਸਰ, ਤੁਸੀਂ ਬਸ ਸਰ……ਐਵੇਂ ਈ....।" ਆਖ ਗੱਲ ਨੂੰ ਟਾਲ਼ ਜਾਂਦੀ।

ਕਿਸੇ ਦੇ ਨੇੜੇ ਹੋਣਾ ਮਹਿਜ਼ ਇਕ ਇਤਫ਼ਾਕ ਹੀ ਹੁੰਦਾ ਹੈ।

ਦੋ ਗੱਲਾਂ ਕਰਕੇ ਮੈਨੂੰ ਸੁਖਪਾਲ ਦੇ ਨੇੜੇ ਹੋਣ ਦਾ ਮੌਕਾ ਮਿਲਿਆ। ਕਾਲਜ ਦਫ਼ਤਰ ਵਿਚ ਉਹ ਕੰਪਿਊਟਰ ਨਾਲ ਸਬੰਧਿਤ ਹੋਰ ਕੰਮਾਂ ਤੋਂ ਇਲਾਵਾ ਪੰਜਾਬੀ ਟਾਈਪ ਸੈਟਿੰਗ ਦਾ ਕੰਮ ਵੀ ਕਰਦੀ ਸੀ। ਉਹਦੀਆਂ ਪੰਜਾਬੀ ਵਿਚ ਟਾਈਪ ਕੀਤੀਆਂ ਦਫ਼ਤਰੀ ਚਿੱਠੀਆਂ ਵਿਚ ਕਾਫ਼ੀ ਗ਼ਲਤੀਆਂ ਹੁੰਦੀਆਂ ਸਨ। ਇਹ ਗ਼ਲਤੀਆਂ ਮੈਨੂੰ ਠੀਕ ਕਰਨੀਆਂ ਪੈਂਦੀਆਂ ਸਨ। ਬੜੀ ਛੇਤੀ ਹੀ ਉਹਨੇ ਸ਼ੁੱਧ ਪੰਜਾਬੀ ਟਾਈਪ ਕਰਨ ਦਾ ਹੁਨਰ ਸਿੱਖ ਲਿਆ। ਕਾਲਜ ਵਿਚ ਸਮੇਂ-ਸਮੇਂ ਕਰਵਾਏ ਜਾਂਦੇ ਪ੍ਰੋਗਰਾਮਾਂ ਦੇ ਪ੍ਰੈੱਸ ਨੋਟ ਵੀ ਉਹਨੂੰ ਮੈਂ ਹੀ ਤਿਆਰ ਕਰਕੇ ਦਿੰਦਾ ਸਾਂ। ਇਸ ਕੰਮ ਵਿਚ ਵੀ ਉਹਨੇ ਬੜੀ ਛੇਤੀ ਮੁਹਾਰਤ ਹਾਸਲ ਕਰ ਲਈ। ਮੇਰੀ ਗ਼ੈਰਹਾਜ਼ਰੀ ਵਿਚ ਵੀ ਉਹ ਅਖ਼ਬਾਰਾਂ ਲਈ ਕਾਫ਼ੀ ਚੰਗੀ ਰਿਪੋਰਟਿੰਗ ਕਰ ਲਿਆ ਕਰਦੀ ਸੀ। ਮੈਨੂੰ ਉਹ ਹਮੇਸ਼ਾਂ ਆਪਣੀ ਬਹੁਤ ਹੋਣਹਾਰ ਸ਼ਗਿਰਦ ਜਾਪਦੀ ਰਹੀ ਸੀ। ਮੇਰੇ ਪ੍ਰਤੀ ਉਹਦਾ ਵਿਵਹਾਰ ਵੀ ਇਕ ਚੰਗੇ ਸਿਖਾਂਦਰੂ ਵਾਲਾ ਸੀ। ਮੈਨੂੰ ਨਹੀਂ ਲਗਦਾ ਕਿ ਕਦੇ ਉਹ ਮੇਰੇ ਨਾਲ ਕਦੇ ਬਹੁਤੀ ਨਾਂਹ-ਨੁਕਰ ਵਿਚ ਉਲਝੀ ਹੋਵੇ। ਮੇਰੀ ਕਿਸੇ ਦਲੀਲ ਦਾ ਵਿਰੋਧ ਵੀ ਜੇ ਕਦੇ ਉਹਨੂੰ ਕਰਨਾ ਪੈਂਦਾ ਸੀ ਤਾਂ ਐਨੀ ਸ਼ਾਲੀਨਤਾ ਨਾਲ ਕਰਦੀ ਸੀ ਕਿ ਇਉਂ ਮਹਿਸੂਸ ਹੁੰਦਾ ਸੀ ਜਿਵੇਂ ਵਿਰੋਧ ਨਾ ਕਰ ਰਹੀ ਹੋਵੇ ਸਗੋਂ ਆਗਿਆ ਦਾ ਪਾਲਣ ਹੀ ਕਰ ਰਹੀ ਹੋਵੇ।

ਮੈਂ ਹੀ ਉਹਨੂੰ ਐਸ.ਐਸ. ਪੀ. ਨੂੰ ਸਿੱਧਿਆਂ ਜਾ ਮਿਲਣ ਦੀ ਸਲਾਹ ਦਿੱਤੀ ਸੀ ਤੇ ਉਹਨੇ ਅਗਲੇ ਹੀ ਦਿਨ ਜ਼ਿਲ੍ਹਾ ਪੁਲਿਸ ਅਧਿਕਾਰੀ ਨੂੰ ਮਿਲਣ ਦੀ ਹਾਮੀ ਭਰ ਦਿੱਤੀ ਸੀ।

ਇਕ ਦਿਨ ਘਰ ਵਿਚ ਮੇਰੀ ਨਜ਼ਰ ਅਚਾਨਕ ਫ਼ੋਨ ਉੱਪਰਲੇ ਉਹਦੇ ਸਟੇਟਸ ਉੱਪਰ ਪੈ ਗਈ। ਲਿਖਿਆ ਹੋਇਆ ਸੀ, 'ਆਈ ਹੇਟ ਯੂ ! ਡੌਂਟ ਟਾਕ ਮੀ !' ਇਹ ਸੋਚੇ ਤੇ ਇਹ ਜਾਣੇ ਬਗ਼ੈਰ ਕਿ ਟਿੱਪਣੀ ਕਿਸ ਲਈ ਸੀ ਮੈਂ ਅਗਲੇ ਦਿਨ ਦਫ਼ਤਰੀ ਕੰਮਕਾਜ ਦੇਖਣ ਦੌਰਾਨ ਉਹਨੂੰ ਕਿਹਾ,"ਆਪਣਾ ਸਟੇਟਸ ਹਟਾ ਦੇਹ !' "ਕਿਉਂ ਸਰ ?" ਉਹਨੇ ਮੁਸਕਰਾਉਂਦੀ ਨੇ ਪੁੱਛਿਆ

"ਕਿਉਂਕਿ ਇਹ ਤੇਰੀ ਪਰਸਨੈਲਿਟੀ ਨੂੰ ਸੂਟ ਨਹੀਂ ਕਰਦਾ, "ਐਨਾ ਆਖ ਮੈਂ ਦਫ਼ਤਰ ਵਿਚੋਂ ਬਾਹਰ ਆ ਕਲਾਸ ਲਾਉਣ ਲਈ ਚੱਲ ਪਿਆ। ਅਜੇ ਮੈਂ ਦਸ ਕਦਮ ਹੀ ਅੱਗੇ ਵਧਿਆ ਹੋਵਾਂਗਾ, ਆਦਤਨ ਫਿਰ ਮੈਂ ਫ਼ੋਨ 'ਤੇ ਉਂਗਲ ਮਾਰ ਲਈ, ਦੇਖਿਆ ਕਿ ਉਹਨੇ ਸਟੇਟਸ ਡਿਲੀਟ ਕਰ ਦਿੱਤਾ ਸੀ। ਸੱਚਮੁਚ ਹੀ ਉਹਦੀ ਸੰਵੇਦਨਸ਼ੀਲਤਾ ਰਸ਼ਕ ਕਰਨ ਵਾਲੀ ਸੀ।

ਜਿਵੇਂ ਕਿ ਵੱਧ ਵਸੋਂ ਵਾਲੇ ਹਰ ਮੁਲਕ ਦਾ ਦਸਤੂਰ ਹੁੰਦਾ ਹੈ, ਘੱਟ ਪੈਸਿਆਂ 'ਤੇ ਬੰਦੇ ਤੋਂ ਵੱਧ ਤੋਂ ਵੱਧ ਕੰਮ ਲੈਣਾ,ਉਸੇ ਤਰ੍ਹਾਂ ਸੁਖਪਾਲ ਨਾਲ ਵੀ ਹੋ ਰਿਹਾ ਸੀ। ਤਨਖ਼ਾਹ ਬਹੁਤ ਘੱਟ ਸੀ, ਦਫ਼ਤਰ ਦਾ ਕੰਮ ਕਾਫ਼ੀ ਜ਼ਿਆਦਾ ਸੀ, ਰੋਜ਼ਾਨਾਂ ਦਰਜਨਾਂ ਚਿੱਠੀਆਂ ਟਾਈਪ ਕਰਨੀਆਂ ਪੈਂਦੀਆਂ, ਕੈਸ਼-ਬੁੱਕਾਂ ਤਿਆਰ ਕਰਨੀਆਂ ਪੈਂਦੀਆਂ, ਪਰ ਮੈਂ ਦੇਖਿਆ ਕਿ ਉਹਦੇ ਵਿਚ ਕੰਮ ਕਰਨ ਦੀ ਅਸਧਾਰਣ ਯੋਗਤਾ ਸੀ। ਇਸ ਯੋਗਤਾ ਨੂੰ ਧਿਆਨ 'ਚ ਰੱਖ ਕੇ ਮੈਂ ਲੋੜੀਦੇ ਮਿਹਨਤਾਨੇ ਉੱਪਰ ਉਹਨੂੰ ਆਪਣਾ ਨਿੱਜੀ ਕੰਮ ਵੀ ਕਰਨ ਲਈ ਦੇ ਦਿੱਤਾ ਤਾਂ ਕਿ ਉਹਨੂੰ ਆਪਣੀ ਨਿਗੂਣੀ ਤਨਖ਼ਾਹ ਤੋਂ ਇਲਾਵਾ ਕੁਝ ਵਾਧੂ ਆਮਦਨ ਵੀ ਹੋ ਜਾਇਆ ਕਰੇ। ਇਹ ਕੰਮ ਉਹ ਘਰ ਜਾ ਕੇ ਕਰ ਲੈਂਦੀ ਸੀ। ਕੰਮ ਦੀ ਸਮਾਪਤੀ 'ਤੇ ਇਕ ਦਿਨ ਉਹਨੇ ਬੜੀ ਹਲੀਮੀ ਨਾਲ ਮੈਨੂੰ ਕਿਹਾ,"ਸਰ, ਜੇ ਗੁੱਸਾ ਨਾ ਕਰੋ ਤਾਂ ਮੈਨੂੰ ਪੇਮੈਂਟ ਕਰ ਦਿਉ। "ਮੈਂ ਤੁਰੰਤ ਅਦਾਇਗੀ ਕਰਦਿਆਂ, ਐਵੇਂ ਸਹਿਜ ਸੁਭਾਅ ਪੁੱਛਿਆ, "ਐਡੀ ਕੀ ਲੋੜ ਪੈ ਗਈ ਸੁਖਪਾਲ?"

"ਬੇਟੀ ਨੂੰ ਟੀਕਾ ਲਗਵਾਉਣੇ ਹਨ, ਇਕ ਹਜ਼ਾਰ ਦਾ ਇਕ ਟੀਕਾ ਹੈ, ਡਾਕਟਰ ਕਹਿੰਦਾ ਇਹ ਟੀਕੇ ਲੱਗਣਗੇ ਤਾਂ ਬੇਟੀ ਦਾ ਨੁਕਸ ਦੂਰ ਹੋਵੇਗਾ...ਘਰ 'ਚ ਕਿਸੇ ਨੂੰ ਕੋਈ ਪਰਵਾਹ ਨਹੀਂ, ਕਹਿੰਦੇ ਮਰਦੀ ਮਰ ਜਾਣ ਦਿਓ, ਬਜ ਵਾਲੀ ਕੁੜੀ ਨਾਲੋਂ ਤਾਂ ਕੁੜੀ ਮਰੀ ਚੰਗੀ......ਪਰ ਇਕ ਮਾਂ ਤਾਂ ਇਉਂ ਨਹੀਂ ਨਾ ਸੋਚ ਸਕਦੀ।"

ਮੈਂ ਹਾਮੀ ਭਰੀ, "ਬਿਲਕੁਲ ਠੀਕ।" ਅਗਲੇ ਦਿਨ ਦੀ ਛੁੱਟੀ ਦੀ ਅਰਜ਼ੀ ਲਿਖ ਕੇ ਉਹ ਦਫ਼ਤਰ ਵਿਚ ਰੱਖ ਗਈ। ਆਪਣੀ ਇਕ ਵਰ੍ਹੇ ਤੋਂ ਵੀ ਛੋਟੀ ਕੁੜੀ ਦਾ ਟੀਕਾਕਰਣ ਉਹਨੇ ਇਸ ਦਿਨ ਕਰਵਾਉਣਾ ਸੀ।

ਆਪਣੇ ਨਿੱਤ ਮਿਲਣ-ਗਿਲਣ ਵਾਲਿਆਂ ਪ੍ਰਤੀ ਵੀ ਇਕ ਆਦਰਯੋਗ ਵਿੱਥ ਬਣਾਈ ਰੱਖਣਾ ਮੇਰੀ ਆਦਤ ਹੀ ਬਣ ਗਈ ਹੈ। ਅਗਲੇ ਪ੍ਰਤੀ ਆਪਣੀ ਜਾਣਕਾਰੀ ਨੂੰ ਮੈਂ ਇਕ ਹੱਦ ਹੀ ਮਹਿਦੂਦ ਰੱਖਦਾ ਹਾਂ। ਮੈਂ ਕਦੇ ਸੁਖਪਾਲ ਤੋਂ ਉਹਦੀ ਬੱਚੀ ਬਾਰੇ ਪੁੱਛਿਆ ਹੀ ਨਹੀਂ ਸੀ। ਮੈਨੂੰ ਪੁੱਛਣ ਤੋਂ ਇਸ ਕਰਕੇ ਵੀ ਸੰਕੋਚ ਹੁੰਦਾ ਸੀ ਕਿ ਅਗਲਾ ਹੀ ਨਾ ਪੁੱਛ ਲਵੇ, "ਤੂੰ ਕੌਣ?" ਤੇ ਮੈਨੂੰ ਆਪਣੇ ਅੰਦਰੋਂ ਹੀ ਇਹ ਪ੍ਰਤੀਧੁਨੀ ਸੁਣਨੀ ਪਵੇ, "ਮੈਂ ਖਾਹ ਮਖਾਹ !" ਮੈਂ ਇਹ ਅੰਦਾਜ਼ਾ ਨਾ ਲਗਾ ਸਕਿਆ ਕਿ ਸੁਖਪਾਲ ਤਾਂ ਆਪਣਾ ਦੁੱਖ ਫਰੋਲਣ ਲਈ ਖੁਦ ਹੀ ਤਿਆਰ ਬੈਠੀ ਸੀ। ਤੀਜੇ ਦਿਨ ਉਹ ਦਫ਼ਤਰ ਮਿਲੀ ਤਾਂ ਦੱਸਣ ਲੱਗੀ ਕਿ ਟੀਕਾ ਲਗਵਾ ਲਿਆ ਹੈ। ਟੀਕਿਆਂ ਦਾ ਇਕ ਪੂਰਾ ਕੋਰਸ ਹੈ। ਬੱਚੀ ਦੀ ਲੱਤ ਵਿਚ ਜਮਾਂਦੂਰ ਨੁਕਸ ਹੈ। ਡਾਕਟਰ ਨੇ ਕਿਹਾ ਹੈ ਕਿ ਇਲਾਜ ਮਹਿੰਗਾ ਜ਼ਰੂਰ ਹੈ, ਪਰ ਨੁਕਸ ਦੂਰ ਹੋ ਜਾਵੇਗਾ। ਪੇਕੇ ਪਰਿਵਾਰ 'ਚ ਖਰਚ ਝੱਲਣ ਦੀ ਸਮਰੱਥਾ ਨਹੀਂ। ਸਹੁਰਾ ਪਰਿਵਾਰ ਖਰਚ ਝੱਲਣ ਤੋਂ ਟਲ਼ਦਾ ਹੈ, ਕੁੜੀ ਹੈ ਨਾ ਉਹ, ਪਰ ਫਿਰ ਵੀ ਮੈਂ ਵਾਧੂ ਕੰਮ ਕਰਕੇ ਇਲਾਜ ਲਈ ਪੈਸਿਆਂ ਦਾ ਪ੍ਰਬੰਧ ਕਰਦੀ ਰਹਾਂਗੀ, ਪੂਰੀ ਵਾਹ ਲੈ ਦਿਆਂਗੀ ....।ਏਥੇ ਆ ਕੇ ਉਹਨੇ ਆਪਣੀ ਵਾਰਤਾਲਾਪ ਰੋਕ ਦਿੱਤੀ, ਪਰ ਮੇਰੇ ਮਨ ਵਿਚ ਉਹਦੀ ਵਾਰਤਾਲਾਪ ਅਜੇ ਵੀ ਚੱਲ ਰਹੀ ਸੀ, "...ਤੇ ਜ਼ਰੂਰ ਸਫ਼ਲ ਹੋਵਾਂਗੀ।"

ਸੁਖਪਾਲ ਸਚਮੁੱਚ ਸਫ਼ਲ ਰਹੀ। ਟੀਕਿਆਂ ਨੇ ਆਪਣਾ ਰੰਗ ਵਿਖਾਇਆ।ਕੋਰਸ ਪੂਰਾ ਹੋਣ 'ਤੇ ਬੱਚੀ ਦੀ ਨਿਰਜਿੰਦ ਲੱਤ ਵਿਚ ਪੂਰੀ ਹਰਕਤ ਆ ਗਈ ਸੀ। ਬੱਚੀ ਦੇ ਨੁਕਸਰਹਿਤ ਹੋਣ ਦੀ ਖੁਸ਼ੀ ਮਿਲੀ ਤਾਂ ਉਹਨੂੰ ਇਕ ਹੋਰ ਚਿੰਤਾ ਨੇ ਘੇਰ ਲਿਆ। ਇਸ ਨਵੀਂ ਚਿੰਤਾ ਵਿਚ ਤਾਂ ਉਹ ਸਵੈਇੱਛਾ ਨਾਲ ਹੀ ਘਿਰ ਗਈ।

ਮੈਂ ਉਹਦੇ ਕੋਲ ਬੈਠਾ ਕਾਲਜ ਦੇ ਪ੍ਰੋਗਰਾਮ ਦਾ ਪ੍ਰੈੱਸ ਨੋਟ ਟਾਈਪ ਕਰਵਾਉਣ ਲੱਗਾ ਸਾਂ ਤਾਂ ਉਹਨੇ ਵਿਚੋਂ ਟੋਕ ਕੇ ਕਿਹਾ,"ਸਰ, ਪਲੀਜ਼, ਇਕ ਮੇਰਾ ਪ੍ਰੈੱਸ ਨੋਟ ਵੀ ਡਰਾਫਟ ਕਰ ਦੇਣਾ, ਨਾਲੇ ਆਪਣੇ ਪੱਤਰਕਾਰ ਮਿੱਤਰਾਂ ਨੂੰ ਕਹਿ ਕੇ ਅਖ਼ਬਾਰ ਵਿਚ ਛਪਣਾ ਦੇਣਾ। "

"ਕੀ ਗੱਲ ਸੁਖਪਾਲ, ਕਿਤੇ ਸਿਆਸਤਦਾਨ ਬਣਨ ਦਾ ਤਾਂ ਨਹੀਂ ਇਰਾਦਾ !"ਮੈਂ ਹੱਸਦਿਆਂ ਪੁੱਛਿਆ।

"ਕੀ ਦੱਸਾਂ ਸਰ, ਸਾਡੇ ਮੁਹੱਲੇ ਦੇ ਐਨ ਵਿਚਕਾਰ, ਸਾਡੇ ਘਰ ਦੇ ਬਿਲਕੁਲ ਨੇੜੇ ਇਕ ਟੈਲੀਫ਼ੋਨ ਕੰਪਨੀ ਦਾ ਟਾਵਰ ਲੱਗਣ ਲੱਗਾ ਹੈ। ਮੈਂ ਲੋਕਾਂ ਨੂੰ ਸਮਝਾਇਆ ਹੈ ਕਿ ਇਸ ਟਾਵਰ ਵਿਚੋਂ ਹੋਣ ਵਾਲੀ ਰੇਡੀਏਸ਼ਨ ਦੇ ਸਿਹਤ ਉੱਪਰ ਬਹੁਤ ਮਾੜੇ ਅਸਰ ਪੈਣਗੇ, ਪੈਦਾ ਹੋਣ ਵਾਲੇ ਬੱਚੇ ਜਮਾਂਦੂਰ ਨੁਕਸਾਂ

ਵਾਲੇ ਹੋਣਗੇ, ਲੋਕ ਮੇਰੇ ਨਾਲ ਸਹਿਮਤ ਹਨ, ਤੁਸੀਂ ਲੋਕਾਂ ਵਲੋਂ ਇਸ ਟਾਵਰ ਦੇ ਵਿਰੋਧ ਵਿਚ ਇਕ ਪ੍ਰੈੱਸ ਨੋਟ ਡਰਾਫਟ ਕਰ ਦਿਉ, ਖ਼ਬਰ ਛਪ ਜਾਣ ਮਗਰੋਂ ਮੈਂ ਮੁਹੱਲੇ ਦੇ ਕੁਝ ਬੰਦਿਆਂ ਨੂੰ ਲੈ ਕੇ ਮਿਉਂਸੀਪਲ ਕਮੇਟੀ ਦੇ ਪ੍ਰਧਾਨ ਨੂੰ ਮਿਲਾਂਗੀ, ਮੈਂ ਇਹ ਟਾਵਰ ਨਹੀਂ ਲੱਗਣ ਦਿਆਂਗੀ।"

ਸੁਖਪਾਲ ਨੇ ਬੜਾ ਵਾਜਬ ਤੇ ਠੋਸ ਮੁੱਦਾ ਚੁੱਕਿਆ ਸੀ। ਮੈਂ ਇਸ ਮੁੱਦੇ ਉੱਪਰ ਅਕਸਰ ਪੜ੍ਹਦਾ ਤੇ ਚਰਚਾ ਸੁਣਦਾ ਰਿਹਾ ਸਾਂ। ਸੈੱਲ ਫ਼ੋਨ ਟਾਵਰ ਹਾਈ ਵੋਲਟੇਜ ਤਰੰਗਾਂ ਛੱਡਦੇ ਹਨ, ਇਨ੍ਹਾਂ ਤਰੰਗਾਂ ਦਾ ਸਮੁੱਚੇ ਜੀਵ ਮੰਡਲ ਉੱਪਰ ਦੁਰਪ੍ਰਭਾਵ ਪੈਂਦਾ ਹੈ। ਜੀਵਾਂ ਦੀਆਂ ਕੁਝ ਪ੍ਰਜਾਤੀਆਂ ਇਨ੍ਹਾਂ ਦੀ ਮਾਰ ਹੇਠ ਆ ਗਈਆਂ ਹਨ ਤੇ ਅਲੋਪ ਹੋਣ ਦੇ ਕਗਾਰ 'ਤੇ ਪਹੁੰਚ ਗਈਆਂ ਹਨ। ਪ੍ਰਜਨਣ ਦੀਆਂ ਉਲਝਣਾਂ ਵੀ ਇਨ੍ਹਾਂ ਟਾਵਰਾਂ ਕਾਰਨ ਪੈਦਾ ਹੋ ਰਹੀਆਂ ਹਨ। ਮੈਂ ਸੁਖਪਾਲ ਦੇ ਮੁੱਦੇ ਨੂੰ ਕਾਫ਼ੀ ਗੰਭੀਰਤਾ ਨਾਲ ਲੈਂਦਿਆਂ ਛੇਤੀ ਹੈ ਉਹਦਾ ਪ੍ਰੈੱਸ ਨੋਟ ਟਾਈਪ ਕਰਵਾ ਕੇ ਪੱਤਰਕਾਰਾਂ ਨੂੰ ਭਿਜਵਾ ਦਿੱਤਾ ਤੇ ਪ੍ਰਕਾਸ਼ਿਤ ਕਰਨ ਲਈ ਪੱਤਰਕਾਰ ਮਿੱਤਰਾਂ ਨੂੰ ਟੈਲੀਫ਼ੋਨ 'ਤੇ ਤਾਕੀਦ ਵੀ ਕਰ ਦਿੱਤੀ।

ਟਾਵਰ ਵਾਲਾ ਪ੍ਰੈੱਸ ਨੋਟ ਛਪਣ ਮਗਰੋਂ ਮੈਂ ਸੁਖਪਾਲ ਤੋਂ ਉਹਦੀ ਪ੍ਰਗਤੀ ਰਿਪੋਰਟ ਜਾਨਣੀ ਚਾਹੀ ਤਾਂ ਉਹਨੇ ਦੱਸਿਆ,"ਸਰ, ਜਦੋਂ ਮਿਉਂਸੀਪਲ ਕਮੇਟੀ ਦੇ ਪ੍ਰਧਾਨ ਨੂੰ ਮਿਲਣ ਦੀ ਗੱਲ ਚੱਲੀ ਤਾਂ ਕਈ ਬੰਦੇ ਮਿਲਣ ਤੋਂ ਟਾਲ਼ਾ ਵੱਟ ਗਏ। ਬਾਕੀ ਜਦੋਂ ਪ੍ਰਧਾਨ ਨੂੰ ਮਿਲੇ ਤਾਂ ਉਹ ਕਹਿੰਦਾ ਕਿ ਮੰਗ ਤਾਂ ਤੁਹਾਡੀ ਜਾਇਜ਼ ਹੈ ਪਰ ਮੈਂ ਇਹਦੇ ਬਾਰੇ ਕੋਈ ਗੱਲ ਐਮ. ਪੀ. ਸਾਹਿਬ ਤੋਂ ਪੁੱਛ ਕੇ ਹੀ ਕਰਾਂਗਾ, ਉਹ ਪਾਰਲੀਮੈਂਟ ਸੈਸ਼ਨ ਤੋਂ ਮਗਰੋਂ ਆਉਣਗੇ, ਦੋ ਮਹੀਨੇ ਅਜੇ ਉਹ ਇਸ ਕਸਬੇ ਵਿਚ ਨਹੀਂ ਆ ਸਕਣਗੇ, ਉਦੋਂ ਤੱਕ ਤਾਂ ਸਰ,ਸਾਰਾ ਕੰਮ ਤਮਾਮ ਹੋ ਚੁੱਕਾ ਹੋਵੇਗਾ। ਦੱਸੋ, ਮੈਨੂੰ ਹੁਣ ਹੋਰ ਕੀ ਕਰਨਾ ਚਾਹੀਦੈ ?" ਸੁਖਪਾਲ ਨੂੰ ਅਜੇ ਵੀ ਆਸ ਦੀ ਕੋਈ ਕਿਰਨ ਦਿਖਾਈ ਦੇ ਰਹੀ ਸੀ। ਉਹ ਛੇਤੀ ਕੀਤਿਆਂ ਪਿੱਛੇ ਹਟਣ ਵਾਲੀ ਨਹੀਂ ਸੀ।

ਸਿਵਲ ਪ੍ਰਸ਼ਾਸ਼ਨ ਵਲੋਂ ਲਗਭਗ ਜਵਾਬ ਲੈ ਚੁੱਕੀ ਸੁਖਪਾਲ ਨੂੰ ਮੈਂ ਪੁਲਿਸ ਪ੍ਰਸ਼ਾਸ਼ਨ ਦੀ ਮਦਦ ਲੈਣ ਦੀ ਸਲਾਹ ਦਿੱਤੀ। "ਸੁਖਪਾਲ, ਤੂੰ ਐਸ.ਐਸ. ਪੀ. ਨੂੰ ਮਿਲੀਂ, ਮੁਹੱਲੇ ਦੀ ਸਮੱਸਿਆ ਦੱਸੀਂ ਤੇ ਆਖੀਂ ਕਿ ਮੁੱਦਾ ਜਨਤਕ ਹੈ। ਜਨ ਹਿੱਤ ਵਿਚ ਟਾਵਰ ਨੂੰ ਲੱਗਣ ਤੋਂ ਰੋਕਿਆ ਜਾਵੇ, ਲੋੜ ਪਈ ਤਾਂ ਐਸ.ਐਸ. ਪੀ.ਸਾਹਿਬ ਕੋਲ ਮੇਰਾ ਜ਼ਿਕਰ ਵੀ ਕਰੀਂ, ਉਹ ਮੈਨੂੰ ਜਾਣਦੈ !"

ਮੈਨੂੰ ਨਹੀਂ ਸੀ ਲਗਦਾ ਕਿ ਸੁਖਪਾਲ ਇਹ ਕਦਮ ਉਠਾਵੇਗੀ। ਉਹਨੇ ਦੱਸਿਆ ਸੀ, "ਘਰ ਦੇ ਵੀ ਆਖਦੇ ਨੇ, ਤੂੰ ਇਸ ਪੰਗੇ 'ਚੋਂ ਕੀ ਲੈਣਾ......ਪਰ......।" ਇਹ 'ਪਰ ' ਹੀ ਉਹਨੂੰ ਅੱਗੇ ਤੋਰੀ ਰੱਖ ਰਿਹਾ ਸੀ।

ਸੁਖਪਾਲ ਐਸ.ਐਸ.ਪੀ. ਦੇ ਦਫ਼ਤਰ ਅੱਗੋਂ ਹੀ ਤਾਂ ਬੋਲ ਰਹੀ ਸੀ। ਉਹ ਪੁਲਿਸ ਅਧਿਕਾਰੀ ਨੂੰ ਮਿਲ ਆਈ ਸੀ।

".......ਸੁਣੋ ਤਾਂ ਸਹੀ ਸਰ, ਕੀ ਕਿਹਾ ਐਸ.ਐਸ.ਪੀ. ਨੇ।" ਸੁਖਪਾਲ ਨੇ ਮੇਰਾ ਧਿਆਨ ਅਸਲ ਮੁੱਦੇ ਵੱਲ ਫੇਰਿਆ।

" ਹਾਂ, ਹਾਂ, ਦੱਸ ਸੁਖਪਾਲ !"

ਤੇ ਫਿਰ ਸੁਖਪਾਲ ਨੇ ਦੱਸਿਆ ਕਿ ਐਸ.ਐਸ.ਪੀ. ਨੂੰ ਇਸ ਮਸਲੇ ਬਾਰੇ ਅਖ਼ਬਾਰ ਰਾਹੀਂ ਪਹਿਲਾਂ ਹੀ ਪਤਾ ਸੀ। ਉਹਨੇ ਮਾਮਲੇ ਦੀ ਨਿੱਜੀ ਪੱਧਰ 'ਤੇ ਪੜਤਾਲ ਕੀਤੀ ਸੀ। ਉਹਨੇ ਸੁਖਪਾਲ ਨੂੰ ਬੜੇ ਸਾਫ਼-ਸਾਫ਼ ਸ਼ਬਦਾਂ ਵਿਚ ਕਹਿ ਦਿੱਤਾ ਸੀ,"ਬੀਬਾ,ਟਾਵਰ ਵਾਲਿਆਂ ਕੋਲ ਸੁਪਰੀਮ ਕੋਰਟ ਦੇ ਆਰਡਰ ਹਨ, ਇਹ ਆਰਡਰ ਉਨ੍ਹਾਂ ਦੇ ਪੱਖ ਵਿਚ ਹਨ, ਸੰਘਣੀ ਅਬਾਦੀ ਵਾਲੇ ਇਲਾਕੇ ਵਿਚ ਵੀ ਉਨ੍ਹਾਂ ਨੂੰ ਟਾਵਰ ਲਾਉਣੋਂ ਕੋਈ ਨਹੀਂ ਰੋਕ ਸਕਦਾ......ਇਸ ਕਰਕੇ ਮੈਂ ਇਸ ਮਾਮਲੇ ਵਿੱਚ ਕੁਝ ਨਹੀਂ ਕਰ ਸਕਾਂਗਾ।"

ਐਸ.ਐਸ.ਪੀ. ਵਲੋਂ ਦਿੱਤਾ ਗਿਆ ਕੋਰਾ ਜਵਾਬ ਸੁਖਪਾਲ ਦੇ ਮੂੰਹੋਂ ਸੁਣ ਕੇ ਮੈਨੂੰ ਕੋਈ ਜ਼ਿਆਦਾ ਅਫ਼ਸੋਸ ਨਹੀਂ ਹੋਇਆ।

ਮੈਂ ਫ਼ੋਨ ਬੰਦ ਕਰਨ ਤੋਂ ਪਹਿਲਾਂ ਇਕ ਵਾਰ ਫਿਰ ਕਿਹਾ,"ਸਲਾਮ ! ਗਰੇਟਾ !ਸਲਾਮ !"

ਇਕ ਬਿੰਦ ਲਈ ਮੈਂ ਸੁਖਪਾਲ ਨੂੰ ਐਸ.ਐਸ.ਪੀ. ਦੇ ਸਾਹਮਣੇ ਬੈਠਿਆਂ ਅਤੇ ਗੱਲਬਾਤ ਕਰਦਿਆਂ ਖ਼ਿਆਲ ਕੀਤਾ। ਅਗਲੇ ਪਲ ਮੈਨੂੰ ਜਾਪਿਆ ਸੁਖਪਾਲ ਨਹੀਂ ਸਗੋਂ ਗਰੇਟਾ, ਟਰੰਪ ਦੀਆਂ ਅੱਖਾਂ 'ਚ ਪਾ ਕੇ ਕਹਿ ਰਹੀ ਹੋਵੇ, "ਤੁਸੀਂ ਬੱਚਿਆਂ ਨੂੰ ਉਨ੍ਹਾਂ ਦੇ ਭਵਿੱਖ ਤੋਂ ਵੰਚਿਤ ਕਰ ਦਿੱਤਾ ਹੈ...।"

ਉਜਾੜਾ

ਲਾਕਡਾਊਨ ਦਿਨਾਂ 'ਚ ਕਈ ਰੋਕਾਂ ਨੂੰ ਪਾਰ ਕਰਕੇ ਆਖ਼ਰ ਮੈਂ ਬੇਟ ਦੇ ਇਸ ਬਦਨਾਮ ਪਿੰਡ ਵਿਚ ਪਹੁੰਚਣ 'ਚ ਸਫ਼ਲ ਹੋ ਹੀ ਗਿਆ ਤੇ ਬੰਤ ਨੂੰ ਆ ਮਿਲਿਆ।

"ਹੋਰ ਕੀ ਹਾਲ ਐ, ਕਰੋਨਾ ਤੋਂ ਤਾਂ ਬਚੇ ਹੋਏ ਆਂ ਸਾਰੇ?"

"ਏਥੇ ਚਾਚਾ ਜੀ ਕੀ ਹੋਣਾ ਏ ਕਿਸੇ ਨੂੰ ਕਰੋਨਾ,ਏਥੇ ਤਾਂ ਜੰਮਦੇ ਨਿਆਣੇ ਨੂੰ ਗੁੜ੍ਹਤੀ ਹੀ ਸੈਨੇਟਾਈਜ਼ਰ ਦੀ ਮਿਲਦੀ ਐ।"

"ਅਜੇ ਵੀ ਚੱਲੀ ਜਾਂਦੈ ਸ਼ਰਾਬ ਦਾ ਧੰਦਾ?"

"ਹਾਂ ਚਾਚਾ ਜੀ, ਪਹਿਲਾਂ ਵਾਂਗ ਹੀ, ਸਗੋਂ ਪਹਿਲਾਂ ਨਾਲੋਂ ਵੀ ਜ਼ਿਆਦਾ, ਵੋਟਾਂ ਦੇ ਦਿਨਾਂ 'ਚ ਤਾਂ ਐਡਵਾਂਸ ਬੁਕਿੰਗ ਹੋ ਜਾਂਦੀ ਐ, ਵੱਡੇ ਆਰਡਰਾਂ ਦੀ, ਤੇ ਥੋਨੂੰ ਤਾਂ ਪਤਾ ਐ ਚਾਚਾ ਜੀ ਕੋਈ ਨਾ ਕੋਈ ਵੋਟਾਂ ਆਈਆਂ ਹੀ ਖੜੀਆਂ ਰਹਿੰਦੀਆਂ!"

"ਬੰਤ ਤੇਰਾ ਕੋਈ ਅਸਰ ਨਹੀਂ ਹੋਇਆ ਇਨ੍ਹਾਂ ਲੋਕਾਂ ਉੱਪਰ।" ਬੰਤ ਦੇ ਸਾਫ਼ ਸੁਥਰੇ ਅਕਸ ਤੇ ਪੜ੍ਹੀਆਂ ਹੋਈਆਂ ਬਾਰਾਂ ਜਮਾਤਾਂ ਦਾ ਖ਼ਿਆਲ ਕਰਦਿਆਂ ਮੈਂ ਪੁੱਛਿਆ।

"ਮੈਂ ਤਾਂ ਚਾਚਾ ਜੀ, ਆਪ ਡਰਦਾ ਰਿਹਾਂ ਕਿ ਮਤਾ ਇਨ੍ਹਾਂ ਲੋਕਾਂ ਦਾ ਮੇਰੇ ਉੱਪਰ ਅਸਰ ਨਾ ਹੋ ਜਾਵੇ। ਫੇਰ ਵੀ ਆਖ਼ਰ ਨੂੰ ਇਹ ਹੈਨ ਤਾਂ ਮੇਰੇ ਭਾਈਚਾਰੇ ਦੇ ਲੋਕ ਹੀ, ਮੇਰੇ ਸਕੇ ਸਬੰਧੀ। "

ਬੰਤ ਦੀ ਚਿੰਤਾ ਵਾਜਬ ਸੀ। ਜਿਹੋ ਜਿਹਾ ਪੂਰੇ ਪਿੰਡ ਦਾ ਮਾਹੌਲ ਸੀ,ਉਸ ਮਾਹੌਲ ਤੋਂ ਬੇਲਾਗ ਰਹਿਣਾ ਕਾਫ਼ੀ ਔਖਾ ਕੰਮ ਸੀ।ਫਿਰ ਵੀ ਉਹਨੇ ਆਪਣੇ ਆਪ ਨੂੰ ਸੰਭਾਲ ਰੱਖਿਆ ਸੀ, ਸ਼ਰਾਬ ਦੇ ਧੰਦੇ ਵਿਚ ਨਹੀਂ ਸੀ ਪਿਆ, ਦੋ-ਤਿੰਨ ਲਵੇਰੀਆਂ ਪਾਲ਼ ਰੱਖੀਆਂ ਸਨ, ਦੁੱਧ ਡੇਅਰੀ ਪਾ ਆਉਂਦਾ ਸੀ, ਚਾਰ-ਪੰਜ ਕਿੱਲੇ ਦੀ ਵਾਹੀ ਵੀ ਕਰੀ ਜਾਂਦਾ ਸੀ। ਉਹ ਆਪਣੇ ਬਾਲਾਂ ਨੂੰ ਪੜ੍ਹਾ-ਲਿਖਾ ਕੇ ਬਾਹਰਲੇ ਮੁਲਕ ਭੇਜਣ ਦਾ ਇਰਾਦਾ ਬਣਾਈ ਬੈਠਾ ਸੀ। ਏਨੇ 'ਚ ਬੰਤ ਦੀ ਘਰ ਵਾਲੀ ਚਾਹ ਬਣਾ ਕੇ ਲੈ ਆਈ। ਉਹਨੇ ਪੁਰਾਣੀ, ਸਗੋਂ ਬਹੁਤ ਪੁਰਾਣੀ ਗੱਲ ਛੋਹ ਲਈ, ਇਹ ਗੱਲ ਭਾਵੇਂ ਉਹਦੇ ਲਈ ਸੁਣੀ-ਸੁਣਈ ਸੀ, ਪਰ ਸੀ ਸੱਚੀ, ਉਹਨੇ ਬੜੇ ਸਲੀਕੇ ਨਾਲ ਚਾਹ ਪਰੋਸਦੀ ਨੇ ਕਿਹਾ, ''ਚਾਚਾ ਜੀ, ਇਨ੍ਹਾਂ ਲੋਕਾਂ ਦਾ ਈ ਅਕਲ ਵਾਲਾ ਖਾਨਾ ਖ਼ਰਾਬ ਸੀ,ਨਹੀਂ ਤਾਂ ਸ਼ਾਹ ਜੀ

ਨੇ ਕਿਹੜਾ ਇਨ੍ਹਾਂ ਨੂੰ ਜੂਨ ਸੁਧਾਰਣ ਦਾ ਮੌਕਾ ਨਹੀਂ ਸੀ ਦਿੱਤਾ।"

ਮੇਰੀ ਸੁਰਤ ਸ਼ਾਹ ਜੀ ਤੇ ਉਹਦੇ ਸਾਮਰਾਜ ਵਲ ਪਰਤ ਗਈ।

ਬੁੱਢੇ ਦਰਿਆ ਦੇ ਪਾਰ 'ਛੰਨਾਂ' ਨਾਂ ਦਾ ਪਿੰਡ ਵਸਿਆ ਹੋਇਆ ਸੀ। ਇਹ ਸੰਨ ਸੰਤਾਲੀ ਦੇ ਉਜਾੜੇ ਤੋਂ ਬਾਅਦ ਰਾਏ ਸਿੱਖ ਬਹਾਦਰੀ ਨੇ ਪਾਕਿਸਤਾਨੋਂ ਆ ਕੇ ਵਸਾਇਆ ਸੀ। ਬੁੱਢੇ ਦਰਿਆ ਦੇ ਉਰਾਰ ਚੀਕਣੀ ਰੱਕੜ ਭੌਂਇ ਵਾਲ਼ਾ ਵਿਸ਼ਾਲ ਮੈਦਾਨ ਸੀ। ਇਸ ਪਾਸੇ ਸ਼ਾਹ ਜੀ ਨੇ ਚੋਖੀ ਜ਼ਮੀਨ ਖਰੀਦ ਰੱਖੀ ਸੀ ਜੋ ਰਾਇ ਸਿੱਖਾਂ ਨੂੰ ਬਟਾਈ 'ਤੇ ਦਿੱਤੀ ਹੋਈ ਸੀ।

ਸ਼ਾਹ ਜੀ ਨੇ ਆਪਣੀ ਜ਼ਮੀਨ ਦਾ ਵੱਡਾ ਹਿੱਸਾ ਵੇਚ ਦਿੱਤਾ। ਕਾਰਨ ਦੋ ਸਨ, ਇਕ ਤਾਂ ਵਟਾਈਦਾਰਾਂ ਤੋਂ ਪੱਲੇ ਕੁੱਝ ਨਹੀਂ ਸੀ ਪੈਂਦਾ।ਖੇਤਾਂ ਵਿਚ ਨਦੀਨ ਬੇਸ਼ੁਮਾਰ ਹੋ ਜਾਂਦਾ ਸੀ, ਨਦੀਨ ਲੇਹ, ਪਲਾਹੀ, ਦੱਭ ਆਦਿ ਕੰਡੇਦਾਰ ਬੂਟੀਆਂ ਸਨ ਜੋ ਗੁਡਾਈ ਨਾਲ ਵੀ ਸੂਤ ਨਹੀਂ ਸੀ ਆਉਂਦਾ, ਜਦੋ ਵਾਢੀ ਕੀਤੀ ਜਾਂਦੀ ਤਾ ਐਵੇਂ ਕਣਕ ਦਾ ਤੀਲਾ –ਤੀਲਾ ਹੀ 'ਕੱਠਾ ਕਰ ਹੁੰਦਾ। ਹਰੀ ਕ੍ਰਾਂਤੀ ਅਜੇ ਆਈ ਨਹੀਂ ਸੀ। ਵਾਹੀ ਦਾ ਕੰਮ ਔਖਾ ਸੀ। ਆਮਦਨ ਨਾ ਹੋਣ ਕਾਰਨ ਹੀ ਨਹੀਂ, ਇਕ ਹੋਰ ਕਾਰਨ ਵੀ ਸੀ ਜ਼ਮੀਨ ਵੇਚੇ ਜਾਣ ਦਾ। ਸ਼ਾਹ ਜੀ ਨੂੰ ਜ਼ਮੀਨ ਦੀ ਹੱਦਬੰਦੀ ਦੇ ਕਾਨੂੰਨ ਕਾਰਨ ਵਾਧੂ ਜ਼ਮੀਨ ਖੁੱਸ ਜਾਣ ਦਾ ਡਰ ਸੀ। ਇਸ ਲਈ ਇਕ ਵਧੀਆ ਟੱਕ ਉਹਨੇ ਸ਼ਰੀਕੇ 'ਚ ਆਪਣੇ ਭਤੀਜੇ ਲਗਦੇ ਵਿਅਕਤੀ ਨੂੰ ਵੇਚ ਦਿੱਤਾ। ਬਾਕੀ ਜ਼ਮੀਨ ਉੱਪਰ ਹਰੀ ਕ੍ਰਾਂਤੀ ਦੇ ਬੇਟ 'ਚ ਪ੍ਰਵੇਸ਼ ਕਰ ਰਹੇ ਅਗਰਦੂਤ, ਜੋ ਆਬਾਦਕਾਰਾਂ ਨੂੰ ਜਮਦੂਤ ਵਾਂਗ ਦਿਖਾਈ ਦਿੰਦਾ ਸੀ, ਧੀਰੇ ਦੀ ਅੱਖ ਸੀ।

ਧੀਰਾ ਆਪਣੇ ਪਿੰਡੋਂ ਬਾਰਾਂ ਬੋਰ ਦੀ ਰਾਈਫਲ ਨਾਲ ਲੈਸ ਹੋ ਕੇ ਆਉਂਦਾ।ਸਾਰਾ ਸਾਰਾ ਦਿਨ ਇਕ ਮਜ਼ਾਰ 'ਤੇ ਗੁਜ਼ਾਰਦਾ। ਏਥੇ ਤੂਤਾਂ ਦੀ ਸੰਘਣੀ ਛਾਵੇਂ ਆਪਣੇ ਪਾਛੂਆਂ ਨਾਲ ਤਾਸ਼ ਕੁੱਟਦਾ। ਇਥੇ ਮੁਰਗੇ ਵੀ ਤੜਕੇ ਜਾਂਦੇ, ਦਾਰੂ ਵੀ ਪੀਤੀ ਜਾਂਦੀ, ਪਰ ਮਜ਼ਾਰ ਵਾਲਾ ਬਾਬਾ ਉਨ੍ਹਾਂ ਨਾਲ ਕਦੇ ਨਰਾਜ਼ ਨਹੀਂ ਸੀ ਹੋਇਆ, ਜਦ ਕਿ ਇਹੋ ਬਾਬਾ ਕੋਈ ਭੁੱਲ ਕਰਨ 'ਤੇ ਪਿੰਡ ਦੀਆ ਦਲਿਤ ਔਰਤਾਂ ਵਿਚ ਅਕਸਰ ਆ ਵੜਦਾ ਸੀ ਤੇ ਉਨ੍ਹਾਂ ਨੂੰ ਇਸ ਜਗ੍ਹਾ 'ਤੇ ਲੱਗਣ ਵਾਲੇ ਸਲਾਨਾ ਮੇਲੇ ਦੇ ਦਿਨ, ਖ਼ੂਬ ਖਿਡਾਉਂਦਾ ਸੀ, ਉਹ ਆਪਣੇ ਵਾਲ ਖਿਲ੍ਹਾਰ ਕੇ ਤੇਜ਼ੀ ਨਾਲ ਗਰਦਨ ਘੁੰਮਾਉਂਦੀਆਂ ਹੋਈਆਂ ਆਪਣਾ ਆਪ ਤੋੜ ਲੈਂਦੀਆਂ ਸਨ ਤੇ ਜਦੋਂ ਉਹ ਖੇਡਣੋ ਹਟਦੀਆਂ ਤਾਂ ਲਗਪਗ ਨੀਮ ਬੇਹੋਸ਼ੀ ਦੀ ਹਾਲਤ ਵਿਚ ਹੁੰਦੀਆਂ, ਇਹ ਦ੍ਰਿਸ਼ ਹੌਲਨਾਕ ਹੁੰਦਾ ਸੀ,ਪਰ ਧੀਰੇ ਹੋਰਾਂ ਨੂੰ ਬਾਬਾ ਕੁਝ ਨਹੀਂ ਸੀ ਆਖਦਾ।

ਧੀਰੇ ਨੇ ਸ਼ਾਹ ਜੀ ਹੋਰਾਂ ਨਾਲ ਜ਼ਮੀਨ ਦੇ ਸੌਦੇ ਦੀ ਗੱਲ ਚਲਾਈ, ਸ਼ਾਹ

ਜੀ ਨੇ ਵੇਚਣ ਤੋਂ ਜ਼ਰਾ ਝਿਜਕ ਵਿਖਾਈ। ਬਾਕੀ ਜ਼ਮੀਨ ਉਹਦਾ ਅਜੇ ਆਪਣੇ ਕੋਲ ਹੀ ਰੱਖਣ ਦਾ ਇਰਾਦਾ ਸੀ। ਧੀਰੇ ਨੇ ਫਿਰ ਦਲਾਲ ਸ਼ਾਹ ਜੀ ਹੋਰਾਂ ਕੋਲ ਭੇਜਿਆ। ਦਲਾਲ ਨੇ ਇਕੋ ਗੱਲ ਆਖੀ, "ਸ਼ਾਹ ਜੀ, ਸੌਦਾ ਮਾੜਾ ਨੀਂ......ਚੁੱਪ ਕਰਕੇ ਬਿਆਨਾ ਕਰੋ, ਦੋ ਮਹੀਨਿਆਂ ਨੂੰ ਰਜਿਸਟਰੀ ਕਰਵਾ ਦੇਣਾ।"

ਸ਼ਾਹ ਜੀ ਨੇ ਸੋਚਿਆ, ਸੌਦਾ ਚੰਗਾ ਹੈ ਭਾਵੇਂ ਮਾੜਾ ,ਧੀਰਾ ਜ਼ਮੀਨ ਲੈ ਕੇ ਹੀ ਸਾਹ ਲਵੇਗਾ। ਬਕਰੇ ਦੀ ਮਾਂ ਕਦ ਤੱਕ ਖ਼ੈਰ ਮਨਾਏਗੀ। ਉਹਨੇ ਆਖ਼ਰ ਹਾਮੀ ਭਰ ਦਿੱਤੀ, ਬੜੇ ਸਸਤੇ ਭਾਅ ਸੌਦਾ ਹੋਇਆ। ਸ਼ਾਹ ਜੀ ਹੋਰਾਂ ਪੂਰੇ ਟੱਕ ਵਿੱਚੋ ਚਾਰ ਕਿੱਲੇ ਭੋਂਇ ਨਾ ਵੇਚੀ, ਇਹ ਉਹਨੇ ਪ੍ਰੇਮੀ ਨੂੰ ਦੇ ਰੱਖੀ ਸੀ, ਜਿਸਨੇ ਇਸ ਖੇਤ ਦੇ ਇਕ ਕੋਨੇ ਵਿਚ ਮਾਲ ਡੰਗਰ ਲਈ ਕੋਠੇ ਵੀ ਛੱਤ ਰੱਖੇ ਸਨ। ਪ੍ਰੇਮੀ ਨੂੰ ਸ਼ਾਹ ਜੀ ਨੇ ਕਹਿ ਰੱਖਿਆ ਸੀ, ਜਦੋ ਪੈਸਿਆਂ ਦਾ ਪ੍ਰਬੰਧ ਹੋ ਗਿਆ ਉਦੋਂ ਚਾਰੇ ਖੇਤ ਆਪਣੇ ਨਾਂ ਕਰਵਾ ਲਵੇ, ਪਰ ਅਜੇ ਵਟਾਈ 'ਤੇ ਜ਼ਮੀਨ ਵਾਹੀ ਜਾਵੇ। ਪ੍ਰੇਮੀ ਨੂੰ ਇਹ ਸ਼ਰਤ ਮਨਜ਼ੂਰ ਸੀ। ਉਹਨੂੰ ਪੱਕਾ ਯਕੀਨ ਵੀ ਸੀ। ਸ਼ਾਹ ਨੇ ਜੁਬਾਨ ਫੜਾਈ ਹੈ, ਉਹ ਉਸ ਤੋਂ ਬਗ਼ੈਰ ਕਿਸੇ ਨੂੰ ਜ਼ਮੀਨ ਨਹੀਂ ਦੇਣ ਲੱਗਾ।

ਲਾਲਚ ਇਕ ਵਾਰ ਆਪਣੇ ਪੂਰੇ ਵੇਗ ਵਿਚ ਹੋਵੇ ਤਾਂ ਉਹਨੂੰ ਠੱਲ੍ਹ ਪਾਉਂਦਾ ਸੌਖਾ ਨਹੀਂ ਹੁੰਦਾ। ਉਹ ਤੇਜ਼ ਰਫ਼ਤਾਰ ਚੱਲ ਰਹੀ ਰੇਲ ਗੱਡੀ ਜਿਹਾ ਹੁੰਦਾ ਹੈ। ਜਿਵੇਂ ਰੇਲ ਗੱਡੀ ਖੜ੍ਹਦੀ-ਖੜ੍ਹਦੀ ਵੀ ਕਾਫ਼ੀ ਦੂਰ ਤੱਕ ਚਲੀ ਜਾਂਦੀ ਹੈ,ਭਾਵੇਂ ਕੋਈ ਹਾਦਸਾ ਹੀ ਕਿਉਂ ਨਾ ਹੋ ਗਿਆ ਹੋਵੇ। ਧੀਰੇ ਦਾ ਲਾਲਚ ਵੀ ਪੂਰੇ ਵੇਗ 'ਤੇ ਸੀ। ਪ੍ਰੇਮੀ ਹੇਠਲੀ ਚਾਰ ਕਿੱਲੇ ਭੋਂਇ ਵੀ ਉਹ ਹਰ ਹੀਲੇ ਖਰੀਦ ਲੈਣਾ ਚਾਹੁੰਦਾ ਸੀ। ਏਧਰ ਪ੍ਰੇਮੀ ਤੇ ਸ਼ਾਹ ਜੀ ਨਹੁੰ-ਪਾਸ ਦਾ ਰਿਸ਼ਤਾ ਬਣਾਈ ਬੈਠੇ ਸਨ। ਪ੍ਰੇਮੀ ਨੇ ਆਪਣੇ ਪਰਿਵਾਰ ਦੀਆ ਸਭ ਡੋਰੀਆਂ ਹੀ ਜਿਵੇਂ ਸ਼ਾਹ ਜੀ ਹੱਥ ਦੇ ਛੱਡੀਆਂ ਸਨ।

ਪ੍ਰੇਮੀ ਦੀ ਕੁੜੀ ਦਾ ਰਿਸ਼ਤਾ ਸ਼ਾਹ ਜੀ ਨੇ ਆਪਣੇ ਇਕ ਜੋਟੀਦਾਰ ਦੇ ਪੁੱਤਰ ਨੂੰ ਕਰਵਾ ਦਿੱਤਾ ਸੀ।

ਵਿਆਹ ਦੀ ਤਾਰੀਕ ਜੰਤਰੀ ਦੇ ਵਰਕੇ ਉਲਟ-ਪੁਲਟ ਕੇ ਸ਼ਾਹ ਜੀ ਨੇ ਆਪ ਹੀ ਪੱਕੀ ਕਰ ਦਿੱਤੀ ਸੀ।

ਵਿਆਹ ਦੇ ਸਾਰੇ ਕੱਪੜੇ ਸ਼ਾਹਣੀ ਨੇ ਘਰ ਜਾ ਕੇ ਸਿਉਂ ਦਿੱਤੇ ਸਨ, ਕੱਪੜੇ ਮੰਗਵਾ ਵੀ ਸ਼ਾਹ ਜੀ ਨੇ ਦਿੱਤੇ ਸਨ।

ਹਲਵਾਈ ਬਿਠਾਉਣਾ ਸੀ, ਸ਼ਾਹ ਜੀ ਨੇ ਆਪ ਹੀ ਆਪਣੇ ਮੁੰਡੇ ਨਾਲ ਲਿਜਾ ਕੇ ਪ੍ਰੇਮੀ ਦੇ ਘਰ ਲੱਡੂ ਜਲੇਬੀਆਂ ਬਣਾ ਦਿੱਤੇ। ਬੱਕਰਾ ਉਨ੍ਹਾਂ ਆਪ

ਰਿੰਨ੍ਹ ਲਿਆ।

ਸੁਨਿਆਰਾ ਸੱਦ ਕੇ ਸ਼ਾਹ ਜੀ ਨੇ ਲੋੜ ਗੋਚਰੀਆਂ ਟੂੰਮਾਂ ਦਾ ਪ੍ਰਬੰਧ ਵੀ ਕਰ ਦਿੱਤਾ।

ਜੇਕਰ ਅੱਜ ਦੇ ਹਿਸਾਬ ਨਾਲ ਗੱਲ ਕਰੀਏ ਤਾਂ ਸਮਝੋ ਕਿ ਇਕ ਤਰ੍ਹਾਂ ਨਾਲ ਪ੍ਰੇਮੀ ਨੂੰ ਆਪਣੀ ਧੀ ਦੇ ਵਿਆਹ ਦਾ ਪੂਰਾ ਪੈਕੇਜ ਹੀ ਸ਼ਾਹ ਜੀ ਕੋਲੋਂ ਮਿਲ ਗਿਆ।

ਜਿਹਾ ਕਿ ਸ਼ਾਹ ਜੀ ਨੂੰ ਉਮੀਦ ਸੀ, ਪ੍ਰੇਮੀ ਹੌਲੀ-ਹੌਲੀ ਥੋੜੇ-ਥੋੜੇ ਕਰਕੇ ਪੈਸੇ ਮੋੜਦਾ ਜਾਵੇਗਾ, ਉਵੇਂ ਨਾ ਹੋਇਆ। ਪ੍ਰੇਮੀ ਨੇ ਪੈਸੇ ਮੋੜਨ ਤੋਂ ਇਕ ਤਰ੍ਹਾਂ ਨਾਲ ਘੇਸਲ ਹੀ ਵੱਟ ਲਈ। ਪ੍ਰੇਮੀ ਦੀ ਘਰਵਾਲੀ ਨੇ ਵੀ ਪੈਸਿਆਂ ਵਲੋਂ ਬੇਫ਼ਿਕਰੀ ਦਿਖਾਈ। ਉਹ ਰਾਤੀਂ ਪੈੱਗ ਦਾਰੂ ਦਾ ਡਾਕਾਰ ਕੇ ਪੈ ਜਾਂਦੀ ਸੀ। ਇਕਲੌਤੀ ਕੁੜੀ ਦੇ ਵਿਆਹ ਨੇ ਉਹਨੂੰ ਸਭ ਜ਼ੁੰਮੇਵਾਰੀਆਂ ਤੋਂ ਸੁਰਖ਼ਰੂ ਕਰ ਦਿੱਤਾ ਸੀ।

ਇਸ ਦੌਰਾਨ ਕੁਝ ਅਜਿਹਾ ਵਾਪਰਿਆ ਜਿਸ ਨੇ ਸ਼ਾਹ ਜੀ ਨੂੰ ਪੈਸਿਆਂ ਤੋਂ ਵੀ ਵੱਧ ਫਿਕਰਾਂ 'ਚ ਪਾ ਦਿੱਤਾ।

ਸ਼ਾਹ ਜੀ ਦਾ ਇਕ ਪੜ੍ਹਿਆ-ਲਿਖਿਆ ਮੁੰਡਾ ਪ੍ਰੇਮੀ ਦੇ ਖੇਤ ਵਾਲੇ ਘਰ ਗੇੜੇ ਮਾਰਨ ਲੱਗ ਪਿਆ ਸੀ। ਇਕ ਦਿਨ 'ਥੋੜ੍ਹੀ ਹੋਰ' 'ਥੋੜ੍ਹੀ ਹੋਰ' ਕਰਦੇ ਪ੍ਰੇਮੀ ਨੇ ਉਹਨੂੰ ਗੁੱਟ ਕਰਕੇ ਡਾਡੇ-ਮੀਂਡੇ ਘਰ ਨੂੰ ਤੋਰ ਦਿੱਤਾ। ਮੁੰਡਾ ਰਾਹ 'ਚ ਡਿੱਗ ਪਿਆ ਤੇ ਸਾਰੀ ਰਾਤ ਕਣਕ ਦੇ ਵੱਢ 'ਚ ਪਿਆ ਰਿਹਾ। ਸਵੇਰੇ ਉੱਠ ਕੇ ਉਸ ਆਪਣੀ ਮਾੜੀ ਹਾਲਤ ਮਹਿਸੂਸ ਕੀਤੀ ਤੇ ਲੜਖੜਾਉਂਦੇ ਕਦਮੀਂ ਘਰ ਦੇ ਰਾਹ ਪੈ ਗਿਆ। ਰਾਹ 'ਚ ਸ਼ਾਹ ਜੀ ਵੀ ਮਿਲ ਪਏ। ਘਰੋਂ ਨਾਬਰ ਪੁੱਤਰ ਦੀ ਪਿਤਾ ਨਾਲ ਸੰਖੇਪ ਗੱਲਬਾਤ ਹੋਈ। ਪੁੱਤਰ ਨੇ ਪੁੱਛਿਆ ;

"ਤੁਸੀਂ ਕਿਉਂ ਆਏ ?"

ਪਿਤਾ ਨੇ ਜਵਾਬੀ ਸਵਾਲ ਕੀਤਾ

"ਕਿਉਂ ਨਾ ਆਉਂਦਾ ?"

ਦੋਵਾਂ ਨੂੰ ਹੀ ਜਿਵੇਂ ਕੋਈ ਨਮੋਸ਼ੀ ਮਾਰ ਰਹੀ ਸੀ। ਘਰ ਆ ਕੇ ਚੁੱਪ ਚਾਪ ਆਪੋ ਆਪਣੀਆਂ ਦਿਸ਼ਾਵਾਂ ਵਲ ਚਲੇ ਗਏ। ਪਿਤਾ ਚਾਦਰ ਓੜ੍ਹ ਕੇ ਪੈ ਗਿਆ, ਪੁੱਤਰ ਘਰੋਂ ਦੁੱਧ ਲੱਭਣ ਲੱਗਾ, ਨਾ ਮਿਲਿਆ ਤਾਂ ਵਾੜੇ 'ਚੋ ਬੱਕਰੀ ਚੋਅ ਲਿਆਇਆ, ਅੱਗ ਬਾਲੀ, ਦੁੱਧ ਉਬਾਲਿਆ, ਪੀਤਾ, ਤੇ ਕੁਝ ਵੱਲ ਜਿਹਾ ਹੋ ਕੇ ਬੰਬੀ 'ਤੇ ਨਹਾਉਣ ਚਲੇ ਗਿਆ।

ਸ਼ਾਹ ਜੀ ਨੇ ਪ੍ਰੇਮੀ ਕੋਲ ਪੈਸਿਆਂ ਦਾ ਵੇਰਵਾ ਪਾਇਆ ਤਾਂ ਉਸ ਪੂਰੀ ਅਧੀਨਗੀ ਨਾਲ ਕਿਹਾ, "ਪੈਸਾ-ਪੈਸਾ ਚੁਕਾਵਾਂਗਾ, ਸਮੇਤ ਸੂਦ, ਪੈਸੇ ਕਿਧਰੋਂ

ਆਵਣ ਤਾਂ ਸਹੀ ਸ਼ਾਹ ਜੀ। "

ਪ੍ਰੇਮੀ ਦਿਲੋਂ ਸ਼ਾਹ ਜੀ ਦਾ ਰਿਣੀ ਸੀ। ਪੈਸੇ ਉਸ ਤੋਂ ਮੋੜੇ ਨਹੀਂ ਜਾ ਰਹੇ ਸਨ। ਸ਼ਾਹ ਜੀ ਨੂੰ ਅਹਿਸਾਸ ਹੋ ਰਿਹਾ ਸੀ ਕਿ ਪ੍ਰੇਮੀ ਲਈ ਖਰਚੇ ਪੈਸੇ ਗੰਗਾ ਗਈਆਂ ਹੱਡੀਆਂ ਦੇ ਸਮਾਨ ਹੀ ਸਨ।

ਪ੍ਰੇਮੀ ਦਾ ਪੱਕਾ ਵਿਸ਼ਵਾਸ਼ ਸੀ ਕਿ ਉਸ ਤੋਂ ਪੈਸੇ ਭਾਵੇਂ ਦੇਰ ਨਾਲ ਹੀ ਮੁੜਨ ਤੇ ਭਾਵੇਂ ਨਾ ਹੀ ਮੁੜਨ, ਸ਼ਾਹ ਜੀ ਜ਼ਮੀਨ ਉਹਨੂੰ ਹੀ ਬੈਅ ਕਰਨਗੇ, ਜ਼ਮੀਨ ਲਈ ਪੈਸਿਆਂ ਦਾ ਪ੍ਰਬੰਧ ਕਰਨ ਲਈ ਪ੍ਰੇਮੀ ਕਰਜ਼ੇ ਦੇ ਕਈ ਹੋਰ ਵਸੀਲਿਆਂ ਦੀ ਜਾਣਕਾਰੀ ਲੈ ਰਿਹਾ ਸੀ, ਆਪਣੇ ਨਵੇਂ ਬਣੇ ਕੁੜਮ ਦੇ ਰਸੂਖ਼ ਦੀ ਵਰਤੋਂ ਕਰਨ ਦਾ ਵੀ ਉਹਦਾ ਵਿਚਾਰ ਸੀ।

ਪੱਕਾ ਵਿਸ਼ਵਾਸ਼ ਵੀ ਇਕ ਤਰ੍ਹਾਂ ਦਾ ਅੰਧ ਵਿਸ਼ਵਾਸ਼ ਹੀ ਹੁੰਦਾ ਹੈ। ਪ੍ਰੇਮੀ ਦੀ ਬਾਜ਼ੀ ਪੁੱਠੀ ਪੈਣ ਲੱਗੀ ਸੀ, ਪ੍ਰੇਮੀ ਨੂੰ ਇਸ ਦੀ ਖ਼ਬਰ ਵੀ ਨਹੀਂ ਸੀ।

ਇਕ ਦਿਨ ਧੀਰਾ ਆਪ ਆ ਹਾਜ਼ਰ ਹੋਇਆ।

"ਹਾਂ ਜੀ, ਸ਼ਾਹ ਜੀ ਕੀ ਕਰਨੈ ਫਿਰ ਉਨ੍ਹਾਂ ਚਹੁੰ ਕਿੱਲਿਆ ਦਾ।"

ਧੋਤੀ ਦਾ ਲੜ ਠੀਕ ਕਰਦੇ ਸ਼ਾਹ ਜੀ ਨੇ ਰਸਮੀ ਆਓ ਭਗਤ ਮਗਰੋਂ ਕਿਹਾ, "ਦੇਖ ਬਈ ਧੀਰਿਆ, ਸੌਦਾ ਤਾਂ ਮੈਂ ਕਰ ਲੈਂਦਾ, ਪਰ ਪ੍ਰੇਮੀ.........|"

ਅੱਧੀ ਗੱਲ ਅਜੇ ਸ਼ਾਹ ਜੀ ਦੇ ਮੂੰਹ ਵਿਚ ਹੀ ਸੀ, ਧੀਰਾ ਗਾਲ ਕੱਢ ਕੇ ਬੋਲਿਆ, ".........ਦੀ ਕੀ ਮਜਾਲ। "

ਧੀਰਾ ਬੰਦੂਕ ਦੀ ਨੋਕ 'ਤੇ ਪਿਛਲੇ ਭਾਅ ਵਿਚ ਹੀ ਸੌਦਾ ਨਬੇੜ ਗਿਆ। ਪਟਵਾਰੀ ਤੋਂ ਜ਼ਮੀਨ ਦੇ ਨੰਬਰ ਲਏ ਤੇ ਅਗਲੇ ਦਿਨ ਹੀ ਕਚਹਿਰੀ ਜਾ ਕੇ ਰਜਿਸਟਰੀ ਕਰਵਾ ਦਿੱਤੀ।

ਉਸੇ ਦਿਨ ਕਚਹਿਰਿਓਂ ਪਰਤ ਕੇ ਧੀਰਾ ਖੇਤ ਆ ਧਮਕਿਆ। ਸ਼ਾਮ ਦੇ ਘੁਸਮੁਸੇ 'ਚ ਲਲਕਾਰੇ ਮਾਰ ਕੇ ਮੁੜ ਗਿਆ। ਖੁਰਲੀਆਂ 'ਚ ਹੱਥ ਪੱਲਾ ਮਾਰਦਾ ਪ੍ਰੇਮੀ ਦੁਬਕ ਕੇ ਅੰਦਰ ਜਾ ਵੜਿਆ ਬਾਣ ਦੀ ਮੰਜੀ ਤੋਂ ਅੱਬੜਵਾਹੇ ਉੱਠੀ ਉਹਦੀ ਘਰ ਵਾਲੀ ਨੇ ਦੁਹੱਥੜ ਮਾਰੀ, "ਆਪਾਂ ਤਾਂ ਉੱਜੜ ਗਏ ਆਂ, ਸ਼ਾਹ ਨੇ ਜ਼ਮੀਨ ਵੇਚ ਦਿੱਤੀ ਲੱਗਦੀ ਏ।"

"ਉਜਾੜਾ ਈ ਸਮਝ ਮੁੰਨੀ ਦੀ ਅੰਮਾ, ਖੋਲ੍ਹੀਏ ਡੰਗਰ-ਵੱਛਾ, ਚੱਲੀਏ ਪਾਰ ਆਪਣੇ ਘਰ, ਕਿਤੇ ਗੋਲ਼ੀ ਨਾ ਚੱਲ ਜਾਵੇ "ਉਹਦੇ ਮਨ ਵਿਚ ਸੰਤਾਲੀ ਸਮੇਂ ਦੇ ਬਰਛਿਆਂ ਵਾਲੇ ਫਸਾਦੀ ਉੱਭਰ ਆਏ।

“ਪ੍ਰੇਮੀ ਤੇ ਉਹਦੇ ਘਰ ਦੀ ਤਾਂ ਚਾਚਾ ਜੀ, ਚਿਰੋਕਣੀ ਮੌਤ ਹੋ ਗਈ ਏ, ਦਾਰੂ ਬਹੁਤ ਪੀਂਦੇ ਸੀ ਦੋਵੇਂ, ਦੋਵਾਂ ਦੇ ਫੇਫੜੇ ਗਲ਼ ਗਏ ਸਨ।” ਬੰਤ ਦੀ ਘਰ ਵਾਲੀ ਇਕ ਵਕਫ਼ੇ ਮਗਰੋਂ ਬੋਲੀ ਤਾਂ ਮੈਨੂੰ ਲੱਗਿਆ ਜਿਵੇਂ ਮੈਂ ਨੀਂਦ 'ਚੋਂ

ਜਾਗਿਆ ਹੋਵਾਂ।

ਮੈਂ ਪਰਤਣ ਲਈ ਕਾਹਲਾ ਪੈ ਗਿਆ। ਲਾਕ ਡਾਊਨ ਵਿਚ ਜਿੰਨਾ ਔਖਾ ਘਰੋਂ ਨਿਕਲਣਾ ਹੁੰਦਾ ਹੈ, ਓਨਾ ਹੀ ਔਖਾ ਘਰ ਪਰਤਣਾ।

ਪਿੰਡ ਛੱਡਣ ਤੋਂ ਪਹਿਲਾਂ ਇਹ ਦੱਸ ਦਿਆਂ ਕਿ ਚਾਰ ਕਿੱਲੇ ਭੌਂਇ ਤ੍ਰਿਸਕ੍ਰਿਤ ਢੰਗ ਨਾਲ ਵਿਕਣ ਮਗਰੋਂ ਬੇਟ ਵਿਚ ਸ਼ਾਹ ਜੀ ਦੇ ਸਾਮਰਾਜ ਦਾ ਪਤਨ ਹੋ ਗਿਆ ਸੀ। ਭਾਵੇਂ ਕਿ ਜ਼ਮੀਨ ਦੀ ਵੱਟਤ ਉਹਨੇ ਇਕ ਚੰਗੇ ਕਾਰੋਬਾਰ ਵਿਚ ਲਾ ਦਿੱਤੀ ਸੀ।

'ਸ਼ਾਹ ਬਿਨਾਂ ਪੱਤ ਨਹੀਂ' ਕਹਾਵਤ ਵੀ ਹੁਣ ਬੀਤੇ ਦੀ ਕਹਾਣੀ ਬਣ ਗਈ ਸੀ, ਇਸ ਕਹਾਵਤ ਨੇ ਆਪਣੇ ਅਰਥ ਗੁਆ ਲਏ ਸਨ।

ਧੀਰੇ ਤੇ ਧੀਰੇ ਵਰਗੇ ਹੋਰ ਲੋਕਾਂ ਦੀ ਬੇਟ ਦੇ ਇਲਾਕੇ ਵਿਚ ਚੜ੍ਹ ਮੱਚ ਗਈ ਸੀ।

ਹੱਤਿਆ

ਪਿੰਡ ਦੀ ਫ਼ਿਜ਼ਾ ਵਿਚ ਤਲਖ਼ੀ ਸੀ। ਅਜੀਬ ਕਿਸਮ ਦੀ ਘੁਟਣ, ਅਜੀਬ ਕਿਸਮ ਦੀ ਉਕਤਾਹਟ ਸੀ। ਕਰਮੇ ਵਰਗਾ ਟਾਂਵਾ-ਟਾਂਵਾ ਬੰਦਾ ਹੀ ਇਸ ਫ਼ਿਜ਼ਾ ਵਿਚ ਖੁੱਲ੍ਹ ਕੇ ਗੱਲ ਕਰਦਾ ਸੀ। ਬਹੁਤੇ ਲੋਕਾਂ ਨੇ ਚੁੱਪ ਧਾਰਨ ਕੀਤੀ ਹੋਈ ਸੀ। ਪਿੰਡ ਵਿਚਲੀ ਇਸ ਤਲਖ਼ ਫ਼ਿਜ਼ਾ ਨੂੰ ਸਕੂਲੀ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਸਭ ਵੱਖੋ-ਵੱਖਰੇ ਢੰਗ ਨਾਲ ਜਿਓਂ ਰਹੇ ਸਨ। ਛੋਟੇ ਬੱਚਿਆਂ ਦੀ ਅਸੁਰੱਖਿਆ ਨੇ ਵੱਡਿਆਂ ਦਾ ਚੈਨ ਖੋਹ ਲਿਆ ਸੀ। ਫੌਜੀ ਦੇ ਨਿਆਣੇ ਨਾਲ ਵਾਪਰੀ ਘਟਨਾ ਤੋਂ ਤਾਂ ਸਾਰਾ ਪਿੰਡ ਤ੍ਰਾਹ-ਤ੍ਰਾਹ ਕਰ ਉੱਠਿਆ ਹਰ ਇਕ ਦੀ ਜ਼ੁਬਾਨ 'ਤੇ ਇਕੋ ਗੱਲ ਸੀ, "ਏਸ ਮਾਸੂਮ ਨਾਲ ਭਲਾ ਕਾਹਦੀ ਲੜਾਈ, ਏਹਨੇ ਕਿਸੇ ਦਾ ਕਿ ਵਿਗਾੜਿਐ !"

ਸਿਰਫ਼ ਕਰਮਾ ਇਸ ਘਟਨਾ ਦਾ ਤਰਕ ਲੋਕਾਂ ਸਾਹਮਣੇ ਪੇਸ਼ ਕਰਦਾ ਸੀ।

"ਉਹ ਫੌਜ ਤੋਂ ਬਦਲਾ ਲੈ ਰਹੇ ਆ, ਫੌਜੀ ਹਮਲੇ ਦਾ, ਸਾਲੇ ਹੋਏ ਆ ਨੀਲੇ ਸਾਕੇ ਦੇ, ਸਿੱਧਾ ਕਿਉਂ ਨਹੀਂ ਕਾਲੀ ਕਰਤੂਤ ਕਹਿੰਦੇ।"

ਕਰਮਾ ਖਾੜਕੂ ਤਾਂ ਭਾਵੇਂ ਨਹੀਂ ਸੀ ਪਰ ਖਾੜਕੂਆਂ ਦਾ ਪੱਕਾ ਸਮਰਥਕ ਸੀ। ਖਾੜਕੂ ਕਾਰਵਾਈ ਦੀ ਕੋਈ ਨਾ ਕੋਈ ਵਿਆਖਿਆ ਕਰ ਹੀ ਲੈਂਦਾ ਸੀ।

ਮਹਿੰਦਰ ਫੌਜੀ ਦਾ ਮੁੰਡਾ ਸਾਰੀ ਰਾਤ ਘਰ ਨਾ ਪਰਤਿਆ ਤਾਂ ਸਾਰਾ ਟੱਬਰ ਦਿਨ ਚੜ੍ਹਦੇ ਹੀ ਉਹਨੂੰ ਲੱਭਣ ਤੁਰ ਪਿਆ। ਮੁੰਡਾ ਕਿਸੇ ਦੇ ਅਕਸਰ ਬੰਦ ਰਹਿੰਦੇ ਬਾਹਰਲੇ ਘਰ ਵਿਚ ਨਕਾਰਾ ਪਏ ਹਲ਼ ਨਾਲ ਨੀਮ ਬੇਹੋਸ਼ੀ ਦੀ ਹਾਲਤ ਵਿਚ ਬੰਨ੍ਹਿਆਂ ਹੋਇਆ ਮਿਲਿਆ। ਕੋਲ਼ ਹੀ ਇਕ ਧਮਕੀ ਪੱਤਰ ਵੀ ਪਿਆ ਸੀ। ਇਸ ਵਿਚ ਅਵਾ-ਤਵਾ ਬੇਤਰਤੀਬਾ ਜਿਹਾ ਕਈ ਕੁੱਝ ਲਿਖਿਆ ਹੋਇਆ ਸੀ ਤੇ ਖੰਡੇ ਦੀ ਤਸਵੀਰ ਵੀ ਵਾਹੀ ਹੋਈ ਸੀ। ਮੁੰਡੇ ਦੇ ਮਿਲ ਜਾਣ 'ਤੇ ਘਰ ਵਾਲਿਆਂ ਸ਼ੁਕਰ ਮਨਾਇਆ। ਫੌਜੀ ਨੂੰ ਤੁਰੰਤ ਆਉਣ ਲਈ ਤਾਰ ਦਿੱਤੀ ਫੌਜੀ ਘਰ ਆਇਆ। ਘਰ ਵਿਚ ਧਮਕੀ ਪੱਤਰ ਡਿੱਗਣ ਦਾ ਸਿਲਸਿਲਾ ਜਾਰੀ ਰਿਹਾ।ਫੌਜੀ ਨੇ ਘਰ 'ਚ ਹਦਾਇਤ ਕੀਤੀ, "ਡਰਨਾਂ ਨੀਂ, ਬਿੜਕ ਰੱਖਣੀ ਆ, ਬੰਦਾ ਫੜਨੈ। "

ਦਰਵਾਜ਼ੇ ਦੇ ਬਾਹਰ ਰੇਤ ਦੀ ਪਰਤ ਵਿਛਾਈ ਗਈ ਤਾਂ ਕਿ ਧਮਕੀ ਪੱਤਰ ਸੁੱਟਣ ਵਾਲੇ ਦੀ ਪੈੜ ਮਿਲ ਸਕੇ। ਪਰ ਜਦ ਸਵੇਰ ਹੋਈ ਤਾਂ ਪੱਤਰ ਅੰਦਰ ਪਿਆ ਸੀ, ਦਰੋਂ ਬਾਹਰ ਪੈੜ ਕੋਈ ਨਹੀਂ ਸੀ। ਫੌਜੀ ਨੇ ਮਨ ਹੀ ਮਨ

ਕਿਹਾ,"ਕੋਈ ਡਰੈਗਨ ਤਾਂ ਪੱਤਰ ਸੁੱਟ ਕੇ ਨਹੀਂ ਜਾਂਦਾ, ਦਾਲ 'ਚ ਜ਼ਰੂਰ ਕੁੱਝ ਕਾਲਾ ਹੈ। "

ਕਈ ਦਿਨ ਘਰ ਬਹਾਈ ਰੱਖੇ ਨਿਆਣੇ ਨੂੰ ਫੌਜੀ ਸਕੂਲ ਛੱਡ ਆਇਆ, ਨਾਲ ਹੀ ਅਧਿਆਪਕਾਂ ਨੂੰ ਆਖ ਆਇਆ,"ਮਾਸਟਰ ਜੀ,ਜ਼ਰਾ ਜਾਂਚ ਪੜਤਾਲ ਕਰੋ ਮਾਮਲੇ ਦੀ। ਮਾਸਟਰ ਨੇ ਸਾਰੀ ਕਲਾਸ ਦੇ ਵਿਦਿਆਰਥੀਆਂ ਦੀਆਂ ਕਾਪੀਆਂ ਚੈੱਕ ਕੀਤੀਆਂ। ਸਭ ਦੀਆ ਕਾਪੀਆਂ ਠੀਕ-ਠਾਕ ਸਨ, ਸਿਰਫ਼ ਫੌਜੀ ਦੇ ਮੁੰਡੇ ਦੀ ਕਾਪੀ ਦੇ ਵਰਕੇ ਹੀ ਗਾਇਬ ਸਨ। ਮਾਸਟਰ ਜੀ ਨੇ ਆਪਣੀ ਜਾਂਚ ਰਿਪੋਰਟ ਫੌਜੀ ਨੂੰ ਦੱਸਦਿਆਂ ਕਿਹਾ, "ਇਹੋ ਵਰਕੇ ਧਮਕੀ ਪੱਤਰ ਬਣਦੇ ਹਨ, ਮਹਿੰਦਰ ਸਿਆਂ, ਮੁੰਡਾ ਸਕੂਲੋਂ ਬਚਣ ਲਈ ਖੁਦ ਹੀ ਇਹ ਸਭ ਕੁਝ ਕਰਦੈ, ਮੁੰਡੇ ਨੂੰ ਸਮਝਾ ਤੇ ਡਿਊਟੀ 'ਤੇ ਮੁੜ ਜਾਹ !"

ਪਿੰਡ ਵਿਚ ਨਿਆਣੇ ਦੀ ਚਲਾਕੀ ਦੀ ਗੱਲ ਧੁੰਮ ਗਈ। ਲੋਕੀ, ਜਿਹੜੇ ਆਪਣੇ ਬੱਚਿਆਂ ਦੇ ਅਸੁਰੱਖਿਅਤ ਹੋ ਜਾਣ ਦੇ ਭੈਅ ਤੋਂ ਗ੍ਰਸਤ ਸਨ, ਕੁਝ ਸੌਖਾ ਸਾਹ ਲੈਣ ਲੱਗੇ। ਕਰਮਾ ਹੁਣ ਫੇਰ ਖਾੜਕੂਆਂ ਦੇ ਪੱਖ 'ਚ ਦਲੀਲ ਲੈ ਕੇ ਸਾਹਮਣੇ ਆ ਗਿਆ।

"ਮੈਂ ਤਾਂ ਪਹਿਲਾਂ ਹੀ ਕਿਹਾ ਸੀ ਇਸ ਤਰ੍ਹਾਂ ਦਾ ਛੋਟਾ ਨਿਗੂਣਾ ਕੰਮ ਖਾੜਕੂ ਨੀਂ ਕਰ ਸਕਦੇ। ਉਹ ਵੱਡੇ-ਵੱਡੇ ਸੂਰਮੇ ਆ, ਮਾਰਨਗੇ ਤਾਂ ਜਰਨਲਾਂ ਕਰਨਲਾਂ ਨੂੰ ਮਾਰਨਗੇ, ਏਸ ਭੋਰਾ ਭਰ ਜੁਆਕ ਤੋਂ ਉਨ੍ਹਾਂ ਨੇ ਕੀ ਲੈਣਾ?"

ਕਰਮਾ ਹਰ ਕੋਣ ਤੋਂ ਖਾੜਕੂਆਂ ਦੇ ਪੱਖ ਵਿਚ ਖੜ੍ਹਨ ਲਈ ਤਿਆਰ-ਬਰ-ਤਿਆਰ ਹੁੰਦਾ ਸੀ। ਖਾੜਕੂਆਂ ਤੋਂ ਵੱਡੀਆਂ ਆਸਾਂ ਲਾਈ ਬੈਠਾ ਸੀ। ਉਸਦਾ ਵਿਸ਼ਵਾਸ ਸੀ ਕਿ ਕਿਸੇ ਵੀ ਘੜੀ ਖਾਲਸਾਈ ਰਾਜ ਦਾ ਪਰਚਮ ਬੁਲੰਦ ਹੋ ਸਕਦਾ ਹੈ।

ਕਰਮਾ ਸਧਾਰਣ ਕਿਸਾਨੀ ਪਰਿਵਾਰ ਵਿਚੋਂ ਤੀਹ ਪੈਂਤੀ ਵਰ੍ਹਿਆਂ ਦਾ ਨੌਜਵਾਨ ਸੀ। ਚੁਸਤ ਤੇ ਫੁਰਤੀਲਾ ਕਰਮਾ ਗੱਲਬਾਤ ਕਰਨ ਵਿਚ ਬੜਾ ਤੇਜ਼ ਸੀ। ਗੱਲ ਠੋਕ ਵਜਾ ਕੇ ਕਰਦਾ ਸੀ, ਕਿਸੇ ਦੇ ਭਾਵੇਂ ਗੋਡੇ ਵੱਜੇ ਤੇ ਭਾਵੇਂ ਗਿੱਟੇ। ਉਹਦੇ ਨਾਲ ਬਹੁਤੇ ਉਹੀ ਲੋਕ ਗੱਲ ਕਰਕੇ ਰਾਜ਼ੀ ਸਨ ਜਿਹੜੇ ਉਹਦੇ ਨਾਲ ਸਹਿਮਤੀ ਰੱਖਦੇ ਸਨ, ਬਾਕੀ ਲੋਕ ਵਾਹ ਲਗਦੀ ਗੱਲ ਕਰਨੋਂ ਕਤਰਾਉਂਦੇ ਸਨ। ਪਿੰਡ 'ਚੋਂ ਇਕ ਮੁੰਡਾ ਖਾੜਕੂ ਬਣ ਗਿਆ ਸੀ,ਅਸਾਲਟ ਕੋਲ ਰੱਖਦਾ ਸੀ, ਕਰਮਾ ਇਸ ਖਾੜਕੂ 'ਤੇ ਬਹੁਤ ਫਖ਼ਰ ਕਰਦਾ ਸੀ। ਉਹ ਅਦਬ ਨਾਲ ਉਹਨੂੰ ਭਾਈ ਸਾਹਿਬ ਆਖਦਾ ਸੀ। ਜਿੱਥੇ ਵੀ ਮੌਕਾ ਮਿਲਦਾ ਉਹ ਭਾਈ ਸਾਹਿਬ ਦੀ ਪ੍ਰਸੰਸਾ ਜ਼ਰੂਰ ਕਰਦਾ: "ਭਾਈ ਸਾਹਿਬ ਨੇ ਐਲਾਨ ਕਰਤਾ ਬਈ ਆਪਣੇ ਪਿੰਡ ਦੇ ਹਿੰਦੂਆਂ ਨੂੰ ਡਰਨ ਦੀ ਕੋਈ ਲੋੜ ਨੀਂ, ਉਹਦੇ

ਹੁੰਦਿਆਂ ਉਨ੍ਹਾਂ ਨੂੰ ਕੋਈ ਕੁਝ ਨਹੀਂ ਕਹੇਗਾ।"

ਕਾਮਰੇਡ ਸੁਖਦਿਆਲ ਤੋਂ ਰਿਹਾ ਨਾ ਗਿਆ, ਉਹ ਕਹਿੰਦਾ, "ਹਿੰਦੂਆਂ ਨੇ ਕੀ ਗੁਨਾਹ ਕੀਤਾ, ਬਈ ਉਹ ਡਰਨ.....ਨਾਲੇ ਉਹ ਆਪਣੀ ਸੁਰੱਖਿਆ ਲਈ ਤੇਰੇ ਭਾਈ ਸਾਹਿਬ 'ਤੇ ਨਿਰਭਰ ਕਿਉਂ ਹੋਣ.........।

"ਚਾਚਾ, ਮੈਂ ਤਾਂ ਮਾਹੌਲ ਕਰਕੇ ਕਹਿਨਾ .....ਹੋਰ ਡਰਨਾ ਡਰਾਉਣਾ ਤਾਂ ਕਿਸੇ ਨੂੰ ਕਿਸੇ ਨੇ ਕੀ ਹੈ ! "ਕਰਮਾ ਸੁਖਦਿਆਲ ਵੱਲ ਇਉਂ ਝਾਕਿਆਂ, ਜਿਵੇਂ ਚੇਤਾਵਨੀ ਦੇ ਰਿਹਾ ਹੋਵੇ।

ਕੁਝ ਦਿਨਾਂ ਮਗਰੋਂ ਪਿੰਡ ਦੇ ਹਿੰਦੂ ਮੁੰਡੇ ਸ਼ਹਿਰੋਂ ਦਿਨ ਢ਼ਲੇ ਆਪਣੀਆਂ ਦੁਕਾਨਾਂ ਤੋਂ ਘਰ ਪਰਤਦੇ ਰਾਹ ਵਿਚ ਅਗਵਾ ਕਰ ਲਏ ਗਏ। ਫਿਰੌਤੀ ਤਾਰ ਕੇ ਇਨ੍ਹਾਂ ਨੂੰ ਬਚਾਇਆ ਗਿਆ। ਕਰਮਾ ਆਖਦਾ ਇਹ ਲੁਟੇਰਿਆਂ ਦਾ ਕੰਮ ਹੋ ਸਕਦਾ ਹੈ। ਖਾੜਕੂ ਅਜਿਹਾ ਕੰਮ ਹੀ ਨਹੀਂ ਕਰ ਸਕਦੇ, ਭਾਈ ਸਾਹਿਬ ਨੇ ਗਰੰਟੀ ਦੇ ਰੱਖੀ ਹੈ। ਮੁੰਡਿਆਂ ਨੂੰ ਸਖ਼ਤ ਤਾੜਨਾ ਦੇ ਕੇ ਛੱਡਿਆ ਗਿਆ ਸੀ ਕਿ ਉਹ ਆਪਣਾ ਮੂੰਹ ਬੰਦ ਰੱਖਣਗੇ। ਕਾਫ਼ੀ ਸਮੇਂ ਮਗਰੋਂ ਮੁੰਡਿਆਂ ਨੇ ਦੱਸਿਆ ਕਿ ਅਗਵਾ ਕਰਨ ਵਾਲਿਆਂ ਵਿਚ ਭਾਈ ਸਾਹਿਬ ਵੀ ਸ਼ਾਮਲ ਸੀ।

ਵੱਡੀਆਂ ਬੈਂਕ ਡਕੈਤੀਆਂ ਨੂੰ ਕਰਮਾ ਖਾੜਕੂਆਂ ਦੀਆਂ ਕਾਰਵਾਈਆਂ ਹੀ ਮੰਨਦਾ ਸੀ। ਇਕ ਤਾਂ ਵੱਡੀਆਂ ਬੈਂਕ ਡਕੈਤੀਆਂ ਖਾੜਕੂਆਂ ਦੇ 'ਵੱਡੇ' ਹੋਣ ਦਾ ਅਹਿਸਾਸ ਪੈਦਾ ਕਰਦੀਆਂ ਸਨ, ਦੂਜੇ ਉਹਦਾ ਮੱਤ ਸੀ ਤੇ ਉਹ ਲੋਕਾਂ ਨੂੰ ਕਹਿੰਦਾ ਵੀ ਸੀ ਕਿ ਬਹੁਤ ਵੱਡੀ ਲੜਾਈ ਲੜਨੀ ਹੈ ਸਿੰਘਾਂ ਨੇ, ਹੋਰ ਕੋਈ ਲੁੱਟ ਦਾ ਸ਼ੌਂਕ ਥੋੜ੍ਹੇ ਹੈ ਉਨ੍ਹਾਂ ਨੂੰ।"

ਕਰਮੇ ਦੀ ਦਲੀਲ ਨੂੰ ਸਮਾਂ ਝੁਠਲਾ ਦੇਵੇ ਤਾਂ ਪਿਆ ਝੁਠਲਾਂ ਦੇਵੇ ਪਰ ਕਿਸੇ ਦੀ ਕੀ ਮਜਾਲ ਕਿ ਮੂੰਹ ਤੇ ਉਹਦੀ ਕੋਈ ਦਲੀਲ ਕੱਟ ਦੇਵੇ।

ਕਰਮਾ ਛੋਟੇ ਜਿਹੇ ਪਿੰਡ ਦਾ ਵੱਡਾ ਅਣਵੰਗਾਰਿਆ ਦਾਨਿਸ਼ਵਰ ਹੋਣ ਦਾ ਵਹਿਮ ਪਾਲ਼ ਰਿਹਾ ਸੀ। ਪਿੰਡ ਵਿਚ ਉਹਦਾ ਗੇੜਾ ਇਉਂ ਹੁੰਦਾ ਸੀ ਜਿਵੇਂ ਝੰਡੀ ਦੀ ਕੁਸ਼ਤੀ ਜਿੱਤਣ ਵਾਲਾ ਭਲਵਾਨ ਅਖਾੜੇ ਦਾ ਗੇੜਾ ਆਉਂਦਾ ਹੈ। ਉਹ ਅਖ਼ਬਾਰ ਬਕਾਇਦਗੀ ਨਾਲ ਪੜ੍ਹਦਾ ਸੀ, ਅਖ਼ਬਾਰ ਦਾ ਅੱਖਰ-ਅੱਖਰ ਵਾਚਦਾ ਸੀ। ਅਖ਼ਬਾਰ ਰਾਹੀਂ ਉਹਨੂੰ ਪਤਾ ਹੁੰਦਾ ਸੀ ਕਿ ਖਾੜਕੂਆਂ ਦਾ ਕਿਹੜਾ ਗਰੁੱਪ ਕਿਹੜੇ ਇਲਾਕੇ ਵਿਚ ਸਰਗਰਮ ਹੈ, ਕਿਹੜੀ ਵਾਰਦਾਤ ਦੀ ਜ਼ੁੰਮੇਵਾਰੀ ਕਿਹੜੇ ਗਰੁੱਪ ਨੇ ਆਪਣੇ ਸਿਰ ਲਈ ਹੈ। ਅਖ਼ਬਾਰਾਂ ਦੀਆਂ ਖ਼ਬਰਾਂ 'ਤੇ ਉਹ ਪੂਰਾ ਭਰੋਸਾ ਕਰਦਾ ਸੀ। ਜਦੋਂ ਕਿਤੇ ਕੋਈ ਵਾਰਦਾਤਾਂ ਖਾੜਕੂਆਂ ਦੀਆਂ ਕਾਰਵਾਈਆਂ ਨਾ ਹੋ ਕੇ ਨਿੱਜੀ ਰੰਜਿਸ਼ਾਂ ਦੇ ਸਿੱਟੇ ਵਜੋਂ ਹੋਈਆਂ ਸਾਬਤ ਹੁੰਦੀਆਂ ਤਾਂ ਕਰਮਾ ਝੱਟ ਪੈਂਤੜਾ ਬਦਲ ਲੈਂਦਾ, "ਮੈਂ ਤਾਂ ਪਹਿਲਾਂ ਹੀ ਕਿਹਾ

ਸੀ ਇਹ ਖਾੜਕੂਆਂ ਦੀਆ ਕਾਰਵਾਈਆਂ ਨਹੀਂ ਹੋ ਸਕਦੀਆਂ, ਉਹ ਇਨਸਾਨੀਅਤ ਤੋਂ ਗਿਰੇ ਹੋਏ ਲੋਕ ਨਹੀਂ ਹਨ।"

ਕਰਮਾ ਅਖ਼ਬਾਰ ਦੀਆਂ ਸੁਰਖੀਆਂ ਤੋਂ ਅੱਤਵਾਦੀਆਂ ਦਵਾਰਾ ਪਿਛਲੇ ਚੌਵੀ ਘੰਟਿਆਂ ਵਿਚ ਮਾਰੇ ਗਏ ਬੰਦਿਆਂ ਦਾ ਅੰਕੜਾ ਸਵੇਰੇ ਹੀ ਕੰਠ ਕਰ ਲੈਂਦਾ। ਉਹਦੀ ਬਹੁਤੀ ਦਿਲਚਸਪੀ ਬੰਦਿਆਂ ਦੇ ਨਾਵਾਂ ਵਿਚ ਨਹੀਂ ਸੀ ਹੁੰਦੀ। ਸਿਰਫ਼ ਅੰਕੜਾ ਹੀ ਉਹਦੇ ਲਈ ਖਿੱਚ ਭਰਪੂਰ ਹੁੰਦਾ ਸੀ। ਉਹਦੇ ਭਾਣੇ ਖਾੜਕੂ ਮਾਹਿਰ ਕੌਮੀ ਖਿਲਾੜੀ ਸਨ, ਅਸਾਲਟਾਂ ਉਨ੍ਹਾਂ ਦੇ ਬੱਲੇ ਸਨ ਤੇ ਮਰਨ ਵਾਲੇ ਬੰਦੇ ਉਨ੍ਹਾਂ ਦੀਆਂ ਬਾਲਾਂ ਸਨ ਇਸ ਖੇਡ ਵਿੱਚ ਜਿਹੜਾ ਸਕੋਰ ਉਹ ਬਣਾਉਂਦੇ ਸਨ,ਉਸ ਸਕੋਰ ਨੂੰ ਥਾਂ-ਥਾਂ ਦੱਸ ਕੇ ਕਰਮਾ ਸੁਆਦ ਲੈਂਦਾ ਸੀ। "ਲਉ ਸੁਣੋ ਬਈ ਅੱਜ ਦਾ ਸਕੋਰ।" ਗਲੀ, ਮੋੜ, ਪਹੇ 'ਚ ਖੜੀ ਹਰ ਢਾਣੀ ਨੂੰ ਉੱਚੀ ਆਵਾਜ਼ ਵਿਚ ਉਹ ਲਗਭਗ ਹਰ ਰੋਜ਼ ਹੀ ਤਾਜ਼ਾ ਸਕੋਰ ਸੁਣਾਇਆ ਕਰਦਾ ਸੀ।

ਤੇ ਫਿਰ ਉਹ ਮਨਹੂਸ ਘੜੀ ਆ ਗਈ।

ਕਰਮਾ ਸੋਚਦਾ ਸੀ ਕਿ ਘਟਨਾਵਾਂ ਇਕੋ ਦਿਸ਼ਾ ਵਿਚ ਵਾਪਰ ਰਹੀਆਂ ਹਨ। ਉਹਦਾ ਪੱਕਾ ਵਿਸ਼ਵਾਸ਼ ਸੀ ਕਿ ਇਹ ਇਕੋ ਦਿਸ਼ਾ 'ਚ ਹੀ ਵਾਪਰਦੀਆਂ ਰਹਿਣਗੀਆਂ। ਖਾੜਕੂ ਹਿੰਦੂਆਂ ਨੂੰ ਨਿਸ਼ਾਨਾ ਬਣਾਉਂਦੇ ਰਹਿਣਗੇ ਜਾਂ ਫਿਰ ਉਨ੍ਹਾਂ ਨੂੰ ਜਿਹੜੇ ਉਨ੍ਹਾਂ ਦੇ ਵਿਰੁੱਧ ਜ਼ੁਬਾਨ ਖੋਲਣਗੇ। ਵੱਡੇ ਅਫ਼ਸਰ ਅਤੇ ਇਕ ਦੋ ਵਿਸ਼ੇਸ਼ ਸਿਆਸੀ ਪਾਰਟੀਆਂ ਦੇ ਆਗੂ ਤੇ ਕਾਰਕੁਨ ਵੀ ਉਨ੍ਹਾਂ ਦੇ ਨਿਸ਼ਾਨੇ ’ਤੇ ਰਹਿਣਗੇ। ਇਨ੍ਹਾਂ ਹੱਤਿਆਵਾਂ ਨੂੰ ਕਰਮਾ ਖਾੜਕੂਆਂ ਦੇ ਗੁਰੀਲਾ ਯੁੱਧ ਦਾ ਨਾਂ ਦਿੰਦਾ ਸੀ। ਪਰ ਇਹ ਕਿਹੋ ਜਿਹੀ ਘੜੀ ਆ ਗਈ ਸੀ, ਕਰਮਾ ਤਾਂ ਡੌਰ ਭੌਰ ਹੋ ਗਿਆ ਸੀ। ਉਹਨੂੰ ਆਪਣਾ ਅਤੀਤ ਆਪਣੇ ਸਿਰ ਲੱਦਿਆ ਭਾਰੀ ਬੋਝ ਮਹਿਸੂਸ ਹੋਣ ਲੱਗਾ।

ਪਾਲੋ ਦੇ ਸੁਹਰਿਆਂ ਤੋਂ ਰਾਤੀਂ ਹੀ ਖ਼ਬਰ ਆ ਗਈ ਸੀ।

ਦਿਨ ਚੜ੍ਹਦੇ ਨੂੰ ਏਧਰ ਕਰਮਾ ਤੇ ਉਹਦਾ ਭਾਈਚਾਰਾ ਪਾਲੋ ਦੇ ਸੁਹਰਿਆਂ ਨੂੰ ਜਾਣ ਲਈ ਇਕੱਠਾ ਹੋ ਰਿਹਾ ਸੀ, ਕਰਮੇ ਦੇ ਭਣਵੱਈਏ ਬਲਕਾਰ ਦਾ ਗਿਆਰਾਂ ਵਜੇ ਸਸਕਾਰ ਹੋਣਾ ਸੀ, ਓਧਰ ਢਾਣੀਆਂ ਅੱਜ ਦੇ ਤਾਜ਼ਾ ਸਕੋਰ ਦੀ ਜਾਣਕਾਰੀ ਲਈ ਕਰਮੇ ਨੂੰ ਉਡੀਕ ਰਹੀਆਂ ਸਨ। ਕਰਮਾ ਉਥੇ ਉਨ੍ਹਾਂ ਢਾਣੀਆਂ ਕੋਲ ਨਾ ਪਹੁੰਚਿਆ। ਫਿਰ ਤਾਂ ਉਹ ਕਦੇ ਵੀ ਆਪਣੇ ਜਾਣੇ ਪਛਾਣੇ ਰੂਪ ਵਿਚ ਢਾਣੀਆਂ ਕੋਲ ਨਾ ਗਿਆ।

ਬੀਤੇ ਦਿਨ ਜਿਸ ਪੁਲਿਸ ਪਾਰਟੀ ਉੱਪਰ ਆਪਣੇ ਸਾਥੀਆਂ ਨੂੰ ਛਡਾਉਣ ਲਈ ਅੱਤਵਾਦੀਆਂ ਨੇ ਘਾਤ ਲੈ ਕੇ ਹਮਲਾ ਕੀਤਾ ਸੀ, ਉਸ ਪੁਲਿਸ ਪਾਰਟੀ

ਵਿਚ ਕਰਮੇ ਦਾ ਭਣਵੱਈਆ ਬਲਕਾਰ ਵੀ ਸ਼ਾਮਲ ਸੀ। ਬਲਕਾਰ ਗੋਲੀਆਂ ਦੀ ਤਾਬ ਨਾ ਸਹਾਰਦਾ ਹੋਇਆ ਮੌਕੇ 'ਤੇ ਹੀ ਦਮ ਤੋੜ ਗਿਆ ਸੀ। ਪਾਲੋ ਦੇ ਸਹੁਰੀਂ ਪਹੁੰਚ ਕੇ ਕਰਮਾ ਛੇ ਮਹੀਨੇ ਪਹਿਲਾਂ ਵਿਆਹੀ ਭੈਣ ਦੇ ਗਲ਼ ਲੱਗ ਧਾਹਾਂ ਮਾਰ ਕੇ ਰੋਇਆ। ਉਹਦੇ ਮਨ ਵਿਚ ਇਹ ਤਰਕ ਸੀ ਕਿ ਖਾੜਕੂਆਂ ਦੀ ਕਾਰਵਾਈ ਕਾਇਰਾਨਾ ਸੀ। ਉਹਦਾ ਮਨ ਆਖਦਾ ਸੀ, 'ਕੌਮ ਦੇ ਇਤਿਹਾਸ ਵਿਚ ਤਾਂ ਸਭ ਲੜਾਈਆਂ ਸਾਹਮਣੀ ਧਿਰ ਨੂੰ ਵੰਗਾਰ ਕੇ ਲੜੀਆਂ ਗਈਆਂ, ਪਿੱਠ ਪਿੱਛੇ ਕਦੋਂ ਕਿਸੇ ਨੇ ਵਾਰ ਕੀਤਾ ਹੈ, ਇਹ ਤਾਂ ਧੋਖਾ ਹੈ ਨਿਰੀ ਮੱਕਾਰੀ ਹੈ, ਸਾਲੇ ਹੋਏ ਆ ਗੁਰੀਲਾ ਯੁੱਧ ਦੇ। '

ਪੁਲਿਸ ਪਾਰਟੀ ਸਰਕਾਰੀ ਸਨਮਾਨਾਂ ਸਹਿਤ ਬਲਕਾਰ ਦਾ ਸਸਕਾਰ ਕਰਵਾ ਕੇ ਗਈ। ਪੁਲਿਸ ਗਾਰਦ ਵਲੋਂ ਸ਼ਹੀਦ ਨੂੰ ਸਲਾਮੀ ਦਿੱਤੀ ਗਈ। ਭਾਈਚਾਰਾ ਜਵਾਈ ਦਾ ਸੰਸਕਾਰ ਕਰਵਾ ਕੇ ਵਾਪਸ ਪਿੰਡ ਪਰਤ ਆਇਆ। ਕਰਮੇ ਦਾ ਟੱਬਰ ਸੱਜ ਵਿਆਹੀ ਕੁੜੀ ਦੇ ਭਵਿੱਖ ਨੂੰ ਲੈ ਕੇ ਫ਼ਿਕਰਾਂ 'ਚ ਡੁੱਬ ਗਿਆ। ਟੱਬਰ ਵਿਚ ਸਾਰੀ ਰਾਤ ਸਲਾਹਾਂ ਹੁੰਦੀਆਂ ਰਹੀਆਂ। ਇਨ੍ਹਾਂ ਸਲਾਹਾਂ ਦੌਰਾਨ ਕਰਮੇ ਦਾ ਮਨ ਇਕੋ ਦਲੀਲ 'ਤੇ ਕੇਂਦਰਿਤ ਹੁੰਦਾ ਰਿਹਾ 'ਕਾਇਰਾਨਾ ਕਾਰਵਾਈ।' ਫਿਰ ਉਹਨੂੰ ਇਹ ਵੀ ਜਾਪਣ ਲੱਗ ਪਿਆ ਕਿ ਭਣਵੱਈਏ ਦੀ ਹੱਤਿਆ ਵਾਲੀ ਕਾਰਵਾਈ ਹੀ ਨਹੀਂ, ਹਰ ਹੱਤਿਆ ਹੀ ਕਾਇਰਾਨਾ ਕਾਰਵਾਈ ਹੈ। 'ਇਹ ਭਲਾ ਕਿੱਧਰਲੀ ਬਹਾਦਰੀ ਹੋਈ, ਬੇਖ਼ਬਰ ਬੰਦੇ ਦੀ ਹੱਤਿਆ ਕਰਕੇ ਤੁਰਦੇ ਬਣੋ,ਕੌਮ ਦੇ ਇਤਿਹਾਸ 'ਚ ਹੋਇਆ ਭਲਾ ਕਦੇ ਇਸ ਤਰ੍ਹਾਂ, ਲੜ ਕੇ ਮਰੋ ਮਰਾਓ ਤਾਂ ਹੀ ਸ਼ੂਰਮਗਤੀ ਸਾਬਤ ਹੁੰਦੀ ਐ, ਇਹ ਭਲਾ ਕਿੱਧਰਲੀ ਸ਼ੂਰਮਗਤੀ ਹੋਈ ....।'

ਕਰਮਾ ਹੁਣ ਢਾਣੀਆਂ 'ਚ ਜਾਂਦਾ ਛੱਡ ਗਿਆ, ਬਸ ਐਂਵੇਂ ਕਦੇ ਕਦਾਈਂ ਹੀ ਉਹ ਉਨ੍ਹਾਂ ਦੀ ਗੱਲਬਾਤ ਵਿਚ ਸ਼ਾਮਲ ਹੁੰਦਾ। ਆਪਦੀ ਇਹ ਦਲੀਲ ਦੇ ਕੇ 'ਹੱਤਿਆ ਕਰਨਾ ਭਰਾਵੋ ਠੀਕ ਨਹੀਂ ਹੁੰਦਾ.....ਹੱਤਿਆ ਨੂੰ ਸ਼ੁਗਲ ਨਹੀਂ ਸਮਝਣਾ ਚਾਹੀਦਾ' ਉਹ ਛੇਤੀ ਹੀ ਢਾਣੀ 'ਚੋਂ ਖਿਸਕਣ ਦੀ ਕਰਦਾ। ਢਾਣੀ ਕਰਮੇ ਨੂੰ ਘੱਟ ਹੀ ਕੁਰੇਦਦੀ, ਉਹ ਉਹਦੇ ਅੰਦਰਲੇ ਦਰਦ ਨੂੰ ਸਮਝਦੀ ਸੀ।

ਛੱਤ

ਬਾਪੂ ਦੀ ਭਵਨ ਨਿਰਮਾਣ ਕਲਾ ਵੀ ਬੜੀ ਅਜੀਬ ਕਿਸਮ ਦੀ ਸੀ। ਕਿਸੇ ਦਾਨਿਸ਼ਵਰ ਨੇ ਕਹਿਣਾ ਹੋਵੇ ਤਾਂ ਕਹੇਗਾ ਕਿ ਨਿਵੇਕਲੀ ਕਿਸਮ ਦੀ। ਛੱਤ ਮਕਾਨ ਦੇ ਉੱਪਰ ਤਾਂ ਸਥਿਤ ਹੁੰਦੀ ਹੀ ਹੈ, ਬਾਪੂ ਆਪਣੀ ਭਵਨ ਨਿਰਮਾਣ ਕਲਾ ਵਿੱਚ ਵੀ ਇਸ ਨੂੰ ਸਭ ਤੋਂ ਉੱਪਰ ਸਥਾਨ ਦਿੰਦਾ ਸੀ। ਉਹ ਤਾਂ ਘਰ ਉਸਾਰੀ ਨੂੰ ਕਹਿੰਦਾ ਹੀ ਖਣ ਛੱਤਣਾ ਸੀ। ਘਰ ਉਸਾਰੀ ਵਿੱਚ ਬੁਨਿਆਦ ਦਾ ਕੀ ਮਹੱਤਵ ਹੁੰਦਾ ਹੈ ਜਾਂ ਹੋਣਾ ਚਾਹੀਦਾ ਹੈ? ਇਸ ਸਵਾਲ ਦੀ ਤਾਂ ਉਹਨੇ ਕਦੇ ਚਰਚਾ ਹੀ ਨਹੀਂ ਸੀ ਕੀਤੀ। ਉਹ ਆਪਣਾ ਪੂਰਾ ਧਿਆਨ ਛੱਤ ਵੱਲ ਹੀ ਦਿੰਦਾ ਸੀ। ਉਹ ਆਖਿਆ ਵੀ ਕਰਦਾ ਸੀ, “ਬੰਦੇ ਨੂੰ ਸਿਰ ਲੁਕਾਉਣ ਲਈ ਛੱਤ ਹੀ ਤਾਂ ਚਾਹੀਦੀ ਐ।” ਆਪਣੀ ਇਸ ਸੋਚ ਨਾਲ ਉਹ ਸਾਰੀ ਉਮਰ ਖਣ ਤੇ ਖਣ ਛੱਤਦਾ ਗਿਆ। ਜਿਉਂ-ਜਿਉਂ ਲੋੜ ਵੱਧਦੀ ਗਈ ਖਣ ਉੱਸਰਦੇ ਗਏ। ਮਾਲ-ਡੰਗਰ ਨੂੰ ਧੁੱਪ ਤੋਂ ਬਚਾਉਣ ਲਈ ਖਣ, ਟਰੈਕਟਰ-ਟਰਾਲੀ ਤੇ ਖੇਤੀਬਾੜੀ ਦੇ ਹੋਰ ਸੰਦ ਸੰਭਾਲਣ ਲਈ ਖਣ, ਅਨਾਜ ਦੇ ਢੋਲ ਰੱਖਣ ਲਈ ਖਣ, ਗੱਲ ਕੀ ਜਦੋਂ ਵੀ ਕੋਈ ਨਵੀਂ ਲੋੜ ਪੈਦਾ ਹੁੰਦੀ, ਖਣ ਉਸਾਰਨ ਲਈ ਰਾਜ-ਮਿਸਤਰੀ ਬੁਲਾ ਲਏ ਜਾਂਦੇ। ਇਉਂ ਬਾਪੂ ਹੋਰੀਂ ਛੱਤਾਂ ਨਾਲ ਛੱਤਾਂ ਜੋੜੀ ਗਏ। ਉਨ੍ਹਾਂ ਦੇ ਛੱਤ ਸਾਮਰਾਜ ਦਾ ਵਿਸਥਾਰ ਉਨ੍ਹਾਂ ਦੇ ਜਿਉਂਦੇ ਜੀਅ ਨਿਰਵਿਘਨ ਜਾਰੀ ਰਿਹਾ। ਛੱਤਾਂ ਛੱਤਣ ਦੇ ਮਾਮਲੇ ਵਿੱਚ ਉਨ੍ਹਾਂ ਦਾ ਛੱਡਿਆ ਅਸ਼ਵਮੇਧ ਕਿਸੇ ਨੇ ਵੀ ਡੱਕਣ ਦੀ ਜੁਰਅਤ ਨਾ ਵਿਖਾਈ।

ਛੱਤ ਦੇ ਵਿਸਥਾਰ ਨਾਲ ਅੰਦਰਲੇ ਕਮਰੇ ਹਨੇਰੇ ਹੁੰਦੇ ਜਾ ਰਹੇ ਸਨ। ਕੋਈ ਇਹ ਨੁਕਤਾ ਉਠਾਉਂਦਾ ਤਾਂ ਉਹ ਹੱਸ ਕੇ ਆਖ ਦਿੰਦੇ, “ਬਾਹਰ ਬਥੇਰੀ ਰੌਸ਼ਨੀ ਹੈ, ਨ੍ਹੇਰੇ ’ਚ ਜ਼ਰੂਰ ਬਹਿਣਾ! ਬਾਹਰ ਜਾਉ।”

ਜੇ ਕੋਈ ਆਖਦਾ ਅੰਦਰ ਹਵਾ ਨਹੀਂ ਜਾਂਦੀ ਤਾਂ ਆਖਦੇ, “ਪਤੰਦਰੋ, ਹਵਾ ਤੋਂ ਬਚਣ ਲਈ ਤਾਂ ਘਰ ਬਣਾਇਆ, ਹਵਾ ਚਾਹੀਦੀ ਐ ਤਾਂ ਬਾਹਰ ਰਹੋ।”

ਬੁਨਿਆਦ ਦੀ ਬਹੁਤੀ ਚਿੰਤਾ ਉਨ੍ਹਾਂ ਕਦੇ ਕੀਤੀ ਹੀ ਨਹੀਂ ਸੀ। ਕਮਜ਼ੋਰ ਬੁਨਿਆਦ ਕਾਰਨ ਕੰਧਾਂ ਤਰੇੜੀਆਂ ਜਾਂਦੀਆਂ ਤਾਂ ਉਹ ਇਸਦਾ ਦੋਸ਼ ਮਿਸਤਰੀਆਂ ਸਿਰ ਮੜ੍ਹ ਆਪ ਫਾਰਗ਼ ਹੋ ਜਾਂਦੇ।

ਇਕ ਵਾਰ ਮੈਂ ਉਨ੍ਹਾਂ ਨੂੰ ਭੁੱਲ-ਭੁਲੇਖੇ ਕਹਿ ਹੀ ਬੈਠਾ, "ਬਾਪੂ ਜੀ ਤੁਸੀਂ ਭਲਾ ਛੱਤ 'ਤੇ ਕੁਝ ਜ਼ਿਆਦਾ ਹੀ ਜ਼ੋਰ ਨਹੀਂ ਦਿੰਦੇ?"

ਉਨ੍ਹਾਂ ਅੱਗੋਂ ਸਿੱਧਾ ਜਵਾਬ ਨਹੀਂ ਦਿੱਤਾ। ਬਸ ਹਮੇਸ਼ਾ ਵਾਂਗ ਹੱਸ ਕੇ ਗੱਲ ਟਾਲ ਗਏ। ਕਹਿੰਦੇ, "ਆਪੇ ਸਮਝ ਆਜੂ ਸਮਾਂ ਆਉਣ 'ਤੇ ਬੱਚੂ।"

ਬਾਪੂ ਆਖਦਾ, "ਅੰਦਰ ਕਮਰਿਆਂ ਦੀ ਗੱਲ ਛੱਡੋ, ਛੱਤ ਦੇ ਨਜ਼ਾਰੇ ਲਉ, ਛੱਤ ਦਾ ਕੋਈ ਮਤਲਬ ਐ ਮਤਲਬ, ਐਵੇਂ ਨੀਂ ਤੇਰੇ ਮਾਮੇ ਸ਼ਾਮਾਂ ਨੂੰ ਮੰਜੇ ਲੈ ਕੇ ਛੱਤ 'ਤੇ ਚੜ੍ਹਦੇ।

ਇਸੇ ਤਰ੍ਹਾਂ ਹੀ ਹੁੰਦਾ ਸੀ।

ਗਰਮੀਆਂ 'ਚ ਆਉਣ ਵਾਲਾ ਹਰ ਪ੍ਰਹੁਣਾ ਤਕਰੀਬਨ ਸ਼ਾਮ ਨੂੰ ਹੀ ਘਰ ਆਉਂਦਾ ਸੀ। ਮੰਜੇ ਛੱਤ 'ਤੇ ਕੁੱਝ ਪਹਿਲਾਂ ਹੀ ਪਏ ਹੁੰਦੇ, ਕੁਝ ਹੋਰ ਚੜ੍ਹਾ ਲਏ ਜਾਂਦੇ। ਫਿਰ ਪ੍ਰਹੁਣਿਆਂ ਦੀ ਖਾਤਰਦਾਰੀ ਤੇ ਗੱਲਾਂਬਾਤਾਂ ਦਾ ਦੌਰ ਛੱਤ ਉੱਪਰ ਹੀ ਗਈ ਰਾਤ ਤੱਕ ਚੱਲਦਾ ਰਹਿੰਦਾ। ਗੱਲਾਂਬਾਤਾਂ ਵੀ ਉੱਚੀ ਆਵਾਜ਼ ਵਿੱਚ ਨਿਰਸੰਕੋਚ ਹੁੰਦੀਆਂ। ਅੱਧੇ ਪਿੰਡ ਨੂੰ ਪਤਾ ਲੱਗ ਜਾਂਦਾ ਕਿ ਫਲਾਣਿਆਂ ਦੇ ਘਰ ਕੌਣ ਮਹਿਮਾਨ ਆਇਆ ਹੈ। ਕਈ ਵੇਰ ਤਾਂ ਇਹ ਵੀ ਪਤਾ ਲੱਗ ਜਾਂਦਾ ਕਿ ਉਹ ਕੇਵਲ ਮਿਲਣ-ਗਿਲਣ ਹੀ ਆਇਆ ਹੈ ਜਾਂ ਕੋਈ ਖ਼ਾਸ ਉਦੇਸ਼ ਲੈ ਕੇ ਅਇਆ ਹੈ।

ਮਾਮੇ ਆਉਂਦੇ ਤਾਂ ਗੱਲਾਂ ਮੁੱਕਣ 'ਚ ਹੀ ਨਾ ਆਉਂਦੀਆਂ। ਮਾਂ ਹੱਥੀਂ ਬੁਣੀਆਂ ਦਰੀਆਂ, ਹੱਥੀਂ ਕੱਢੀਆਂ ਚਾਦਰਾਂ ਤੇ ਝਾਲਰਾਂ ਵਾਲੀਆਂ ਪੱਖੀਆਂ ਸਭ ਸੰਦੂਕ 'ਚੋਂ ਕੱਢ ਲੈਂਦੀ। ਬਾਪੂ ਘਰ ਦੀ ਕੱਢੀ ਦਾਰੂ ਨਾਲ ਮਾਮਿਆਂ ਦਾ ਸੇਵਾ-ਪਾਣੀ ਕਰਦਾ, ਨਾਲ ਦੇਸੀ ਆਂਡਿਆਂ ਦੀ ਭੁਰਜੀ ਪਰੋਸਦਾ। ਜੇ ਨਾਲ ਮਾਮਿਆਂ ਦੇ ਜੁਆਕ ਆਏ ਹੁੰਦੇ ਤਾਂ ਉਨ੍ਹਾਂ ਨੂੰ ਭੁੱਬਲ 'ਚ ਮੱਕੀ ਦੀਆਂ ਛੱਲੀਆਂ ਭੁੰਨ ਕੇ ਖੁਆਉਂਦਾ। ਮਿੱਠੇ ਦਾਣੇ ਚੱਬਦਿਆਂ ਉਹ ਫੁੱਫੜ, ਫੁੱਫੜ ਆਖ ਬਾਪੂ ਨੂੰ ਚਮ੍ਹਲਾਉਂਦੇ ਰਹਿੰਦੇ। ਚਾਮ੍ਹਲਿਆ ਹੋਇਆ ਬਾਪੂ ਨਿਆਣਿਆਂ ਨਾਲ ਗੁੱਝੀਆਂ ਗੱਲਾਂ ਕਰਦਾ, ਆਖਦਾ, "ਛਿੰਦਿਆ, ਆਪਣੇ ਬਾਪੂ ਨੂੰ ਹੀ ਲੈ ਕੇ ਆ ਜਾਂਦੇ ਓ, ਕਦੇ ਆਪਣੀ ਬੀਬੀ ਨੂੰ ਵੀ ਲੈ ਆਇਆ ਕਰੋ, ਕਿ ਉਹਦੇ ਪੈਰੀਂ ਮਹਿੰਦੀ ਲੱਗੀ ਰਹਿੰਦੀ ਐ!" ਅੱਗੋਂ ਛਿੰਦਾ ਆਖਦਾ, "ਫੁੱਫੜਾ, ਬੀਬੀ ਕਹਿੰਦੀ ਚਲੇ ਤਾਂ ਜਾਵਾਂ ਪਰ ਫੁੱਫੜ ਥੁਆਡਾ ਝੇਡਾਂ ਬਹੁਤ ਕਰਦੈ!" ਮਾਮਾ ਛਿੰਦੇ ਦੇ ਜਵਾਬ 'ਤੇ ਝੂਠੀ-ਮੂਠੀ ਖ਼ਫ਼ਾ ਹੁੰਦਾ ਤੇ ਛਿੰਦੇ ਨੂੰ ਮਿੱਠੀ ਘੁਰਕੀ ਮਾਰ ਕੇ ਬਾਪੂ ਨੂੰ ਸਫ਼ਾਈ ਦਿੰਦਾ, "ਭਾਈਆ, ਛਿੰਦਾ ਤਾਂ ਐਵੇਂ ਮਗ਼ਜ਼ ਮਾਰਦੈ, ਚੰਦ ਕੁਰ ਦੀ ਮਜ਼ਾਲ ਇਹ ਗੱਲ ਕਹਿਣ ਦੀ! ਇਹ ਤਾਂ ਮੱਝ ਉਹਦੇ ਹੱਥ ਪਈ ਹੋਈ ਐ, ਤੈਨੂੰ ਪਤੈ ਜੇ ਡੰਗ ਭੰਨ ਜੇ ਮੁੜਕੇ ਲੋਟ ਨੀਂ ਆਉਂਦੀ।" ਬਾਪੂ ਵੀ ਫਿਰ ਆਪਣੇ ਆਪ ਨੂੰ

ਸਹੁਰਿਆਂ ਦਾ ਸ਼ੁੱਭ-ਚਿੰਤਕ ਸਾਬਤ ਕਰਨ ਲਈ ਆਖਦਾ, "ਠੀਕ ਆ ਬਈ ਠੀਕ ਆ, ਮੈਂ ਕਿਹੜਾ ਕਹਿੰਨਾ ਬਈ ਥੁਆਡੀ ਮੱਝ ਦੁੱਧੋਂ ਭੱਜ ਜੇ!" ਰਿਸ਼ਤੇਦਾਰਾਂ ਨਾਲ ਬਾਪੂ ਦੀਆਂ ਇਹ ਅਠਖੇਲੀਆਂ ਸਾਰਾ ਟੱਬਰ ਬੜੇ ਸੁਆਦ ਨਾਲ ਸੁਣਦਾ। ਇਕ ਵਾਰ ਛਿੜੀਆਂ ਗੱਲਾਂ ਲੰਮੇ ਪ੍ਰਵਚਨ ਵਿੱਚ ਬਦਲ ਜਾਂਦੀਆਂ। ਛੋਟੇ ਮਾਮੇ ਨੇ ਇਕ ਵਾਰ ਛੱਤ ਉੱਪਰ ਮੇਰੀ ਮਾਂ ਨੂੰ ਮੇਰੇ ਬਾਰੇ ਆਖਿਆ ਸੀ, "ਭੈਣੇ, ਤੇਰਾ ਇਹ ਮੁੰਡਾ ਪੜ੍ਹਾਈ 'ਚ ਚੰਗੈ, ਦੇਖ ਲੀਂ ਇਕ ਦਿਨ ਪਟਵਾਰੀ ਬਣੂੰ ਵੱਡਾ ਹੋ ਕੇ।"

ਮੇਰੀ ਮਾਂ ਸੁਣ ਕੇ ਬਹੁਤ ਖੁਸ਼ ਹੋਈ ਸੀ।

ਭਾਵੇਂ ਮਾਮੇ ਨੇ ਗੱਲ ਖਾਧੀ-ਪੀਤੀ 'ਚ ਹੀ ਕੀਤੀ ਸੀ, ਪਰ ਉਹਨੂੰ ਜਾਪਿਆ ਸੀ ਜਿਵੇਂ ਉਸਨੂੰ ਕਿਸੇ ਰਿਸ਼ੀ ਨੇ ਵਰਦਾਨ ਦਿੱਤਾ ਹੋਵੇ। ਤਾਂ ਹੀ ਸ਼ਾਇਦ ਮੇਰੀ ਮਾਂ ਮਾਮੇ ਨੂੰ ਉਦੋਂ ਤੱਕ ਝਾਲਰ ਵਾਲੀ ਪੱਖੀ ਝੱਲਦੀ ਰਹੀ ਜਦੋਂ ਤੱਕ ਉਹ ਘੁਰਾੜੇ ਨਾ ਮਾਰਨ ਲੱਗ ਪਿਆ।

ਬਾਪੂ ਦੀ ਨਬਜ਼ ਰੁਕਣ ਤੱਕ ਛੱਤ ਦਾ ਆਕਾਰ ਵੀ ਵਧਿਆ ਤੇ ਰੂਪ ਵੀ ਬਦਲਿਆ। ਬਨੇਰਿਆਂ 'ਤੇ ਜੰਗਲੇ ਲੱਗ ਗਏ। ਝਾਲਰ ਵਾਲੀਆਂ ਪੱਖੀਆਂ ਦੀ ਥਾਂ ਟੇਬਲ ਫ਼ੈਨ ਆ ਗਏ, ਘੁੰਮ ਕੇ ਸਾਰੇ ਪਾਸੇ ਹਵਾ ਸੁੱਟਣ ਵਾਲੇ ਅੱਧੇ ਦਾਇਰੇ 'ਚ ਘੁੰਮਣ ਵਾਲੇ ਪੱਖੇ। ਲੋਹੇ ਦੇ ਬਣੇ ਮੰਜੇ ਆ ਗਏ, ਫੋਲਡਿੰਗ ਬੈੱਡ। ਫਿਰ ਦਾਤੀ-ਫਰੇ ਪੱਖੇ ਆਏ ਤੇ ਫਿਰ ਕੂਲਰ। ਛੱਤਾਂ 'ਤੇ ਬਿਜਲੀ ਦੇ ਪੱਖਿਆਂ ਦੀ ਘੂਕਰ ਵਿੱਚ ਬੰਦਿਆਂ ਦੀ ਆਵਾਜ਼ ਗੁਆਚ ਗਈ। ਬਾਪੂ ਸਮਝਦਾ ਸੀ ਮੁੰਡੇ ਛੱਤ ਦੀਆਂ ਮੌਜਾਂ ਮਾਣ ਰਹੇ ਹਨ। ਮੁੰਡੇ ਮਨ ਹੀ ਮਨ ਧਾਰੀ ਬੈਠੇ ਸਨ ਕਿ ਕਦੋਂ ਮੌਕਾ ਮਿਲੇ, ਉਹ ਇਸ ਛੱਤ ਸਾਮਰਾਜ ਦੇ ਖੰਡਰਾਂ ਉੱਪਰ ਆਪਣੀ ਮਰਜ਼ੀ ਦੇ ਮਹਿਲ ਉਸਾਰ ਸਕਣ।

ਮੇਰੇ ਸਮੇਤ ਸਾਰੇ ਮੁੰਡੇ ਹੀ ਇਹ ਸਮਝਦੇ ਸਨ ਕਿ ਬਾਪੂ ਛੱਤ ਨੂੰ, ਛੱਤ ਦੇ ਉੱਪਰਲੇ ਹਿੱਸੇ ਨੂੰ ਸਵਰਗ ਸਮਾਨ ਦੱਸ ਕੇ ਐਵੇਂ ਆਪਣੀ ਹਉਮੈਂ ਨੂੰ ਪੱਠੇ ਪਾ ਰਿਹਾ ਹੈ। ਜਿਉਂ ਹੀ ਬਾਪੂ ਨੇ ਅੱਖਾਂ ਮੀਟੀਆਂ, ਖਣ ਢਹਿਣੇ ਸ਼ੁਰੂ ਹੋ ਗਏ। ਜਗ੍ਹਾ ਵੰਡੀ ਗਈ। ਸਾਰਿਆਂ ਨੇ ਨਵੀਂ ਸ਼ੈਲੀ, ਨਵੀਂ ਦਿੱਖ ਦੀਆਂ ਕੋਠੀਆਂ ਉਸਾਰ ਲਈਆਂ। ਮੈਂ ਆਪਣਾ ਹਿੱਸਾ ਭਰਾਵਾਂ ਨੂੰ ਵੇਚ ਕੇ ਸ਼ਹਿਰ 'ਚ ਕੋਠੀ ਉਸਾਰ ਲਈ। ਬਹੁਤ ਕੁਝ ਭੁੱਲ-ਭੁਲਾ ਗਿਆ, ਪਰ ਬਾਪੂ ਨੂੰ 'ਕੇਰਾਂ ਜੋ ਮੈਂ ਸਵਾਲ ਕੀਤਾ ਸੀ ਛੱਤ ਬਾਰੇ ਉਹਦੇ ਜਵਾਬ ਵਿੱਚ ਬਾਪੂ ਨੇ ਜੋ ਕਿਹਾ ਸੀ, ਉਸ ਜਵਾਬ ਦਾ ਹਰ ਸ਼ਬਦ ਯਾਦ ਸੀ।

ਮੇਰੀ ਕੋਠੀ 'ਚ ਮੇਰੇ ਕੋਲ ਜਗਵੰਤ ਦਾ ਆਮ ਹੀ ਆਉਣ-ਜਾਣ ਸੀ। ਉਹ ਖੇਤੀਬਾੜੀ ਯੂਨੀਵਰਸਿਟੀ ਵਿੱਚ ਨੌਕਰੀ ਕਰਦਾ ਸੀ। ਇਕ ਦਿਨ ਕਹਿਣ

ਲੱਗਾ, "ਗਰੇਵਾਲ, ਤੂੰ ਸਬਜ਼ੀ ਬਜ਼ਾਰੋਂ ਨਾ ਲਿਆ ਕਰ, ਘਰ ਉਗਾਇਆ ਕਰ।"

ਮੇਰਾ ਮੱਲੋਮੱਲੀ ਹਾਸਾ ਨਿੱਕਲ ਗਿਆ, "ਕਿਉਂ ਟਿੱਚਰਾਂ ਕਰਦੈਂ, ਘਰ ਦਾ ਕੋਈ ਕੋਨਾ ਤੈਨੂੰ ਕੱਚਾ ਦੀਂਹਦੈ? ਮਕਰਾਣੇ ਦੇ ਪੱਥਰਾਂ 'ਚ ਸਬਜ਼ੀ! ਵਾਹ ਬਈ ਵਾਹ!"

"ਵਿਹੜੇ 'ਚ ਨਹੀਂ, ਛੱਤ 'ਤੇ ਉਗਾਇਆ ਕਰ!" ਜਸਵੰਤ ਨੇ ਅਗਲੀ ਤਜਵੀਜ਼ ਪੇਸ਼ ਕਰ ਦਿੱਤੀ।

"ਭਾਈ ਸਾਹਿਬ, ਛੱਤ ਵੀ ਸਾਰੀ ਪੱਕੀ ਐ। ਕੰਕਰੀਟ।" ਮੈਂ ਉਹਦੀ ਤਜਵੀਜ਼ ਰੱਦ ਕਰ ਦਿੱਤੀ।

"ਫੇਰ ਕੀ ਹੋ ਗਿਆ?"

"ਤੇਰਾ ਮਤਲਬ ਬਈ ਕੰਕਰੀਟ 'ਚ ਪੌਦਾ ਲੱਗ ਜਾਵੇਗਾ।"

"ਪੌਦਾ ਹੀ ਕਿਉਂ? ਕੰਕਰੀਟ 'ਚ ਤੂੰ ਭਾਵੇਂ ਦਰੱਖ਼ਤ ਉਗਾ ਲੈ, ਮੈਂ ਅਗਲੀ ਵਾਰ ਆਪਣੇ ਨਾਲ ਇਕ ਪੌਦਾ ਵਿਗਿਆਨੀ ਲਿਆਵਾਂਗਾ, ਉਹ ਤੈਨੂੰ ਸਮਝਾਏਗਾ, ਕਿਵੇਂ ਲਾਉਣਾ ਹੈ ਛੱਤ ਉੱਪਰ ਕਿਚਨ-ਗਾਰਡਨ, ਛੱਤ ਤਾਂ ਗਰੇਵਾਲ ਸੁਰਗ ਐ ਸੁਰਗ।" ਜਗਵੰਤ ਨੇ 'ਸੁਰਗ' ਸ਼ਬਦ ਇਉਂ ਬੋਲਿਆ ਜਿਵੇਂ ਬਾਪੂ ਬੋਲਿਆ ਕਰਦਾ ਸੀ।

ਮੈਂ ਸਵੇਰੇ ਸੁਵਖਤੇ ਉੱਠ ਪੈਂਦਾ ਹਾਂ। ਬਾਹਰ ਵਿਹੜੇ 'ਚ ਬੈਠ ਯੋਗ ਅਭਿਆਸ ਕਰਦਾ ਹਾਂ। ਸੁਬ੍ਹਾ ਦੀ ਸ਼ੁੱਧ ਹਵਾ ਨਾਲ ਸਰੀਰ ਤਰੋਤਾਜ਼ਾ ਹੋ ਜਾਂਦਾ ਹੈ। ਆਲੇ-ਦੁਆਲੇ ਦੀਆਂ ਕੋਠੀਆਂ ਉੱਪਰ ਲੋਕ ਟਹਿਲਣਾ ਸ਼ੁਰੂ ਕਰ ਦਿੰਦੇ ਹਨ। ਉਨ੍ਹਾਂ ਲਈ ਤਾਂ ਮਾਨੋ ਘਰ ਦੀਆਂ ਛੱਤਾਂ ਇਕ ਤਰ੍ਹਾਂ ਦੇ ਸਟੇਡੀਅਮ ਹੀ ਹਨ। ਇਕ ਦੋ ਕੋਠੀਆਂ ਵਾਲਿਆਂ ਨੇ ਤਾਂ ਛੱਤਾਂ ਉੱਪਰ ਜਿਮ ਵਰਗਾ ਮਾਹੌਲ ਬਣਾਇਆ ਹੋਇਆ ਹੈ। ਕੋਈ ਜੌਗਿੰਗ ਕਰਦਾ ਦਿਖਾਈ ਦਿੰਦਾ ਹੈ ਤਾਂ ਕੋਈ ਸਾਈਕਲਿੰਗ। ਮੇਰੇ ਦੇਖਦੇ-ਦੇਖਦੇ ਛੱਤ ਦੇ ਉੱਪਰਲੇ ਹਿੱਸੇ ਉੱਪਰ ਸਰਗਰਮੀ ਵੱਧਦੀ ਗਈ। ਛੱਤ ਦੇ ਉੱਪਰਲੇ ਹਿੱਸੇ ਦੀ ਇਹ ਸਰਗਰਮੀ ਜਿਵੇਂ ਬਾਪੂ ਦੇ ਕਿਸੇ ਸਮੇਂ ਸੁਭਾਉਕੀ ਕਹੇ ਬੋਲਾਂ ਨੂੰ ਸਾਰਥਿਕ ਸਿੱਧ ਕਰ ਰਹੀ ਹੋਵੇ। ਛੱਤਾਂ ਉੱਪਰਲਾ ਮਾਹੌਲ ਦੇਖ ਕੇ ਉਹਦੇ ਬੋਲ ਮੇਰੇ ਜ਼ਿਹਨ ਵਿੱਚ ਦਾਤੀ-ਫਰੇ ਪੱਖੇ ਵਾਂਗ ਘੂਕਰ ਪਾਉਣ ਲਗਦੇ, "ਆਪੇ ਸਮਝ ਆਜੂ ਸਮਾਂ ਆਉਣ 'ਤੇ ਬੱਚੂ।"

ਚੰਡੀਗੜ੍ਹ ਵੱਸਦਾ ਮੇਰਾ ਇਕ ਦੋਸਤ ਅਕਸਰ ਕਿਹਾ ਕਰਦਾ ਹੈ ਕਿ ਅਸੀਂ ਲੋਕ ਸਿਰਫ਼ ਧਰਤੀ ਉੱਪਰਲੀ ਸਤ੍ਹਾ ਨੂੰ ਹੀ 'ਥਾਂ' ਸਮਝਦੇ ਹਾਂ ਜਦਕਿ ਇਸ ਤੋਂ ਉੱਪਰ ਵੀ 'ਥਾਂ' ਹੁੰਦੀ ਹੈ। ਬੰਦੇ ਨੂੰ ਸਤ੍ਹਾ ਤੋਂ ਉੱਪਰ ਉੱਠਣਾ ਚਾਹੀਦਾ

ਹੈ। ਪਰ ਬਾਪੂ ਨੂੰ ਥੋੜ੍ਹੋ ਇਨ੍ਹਾਂ ਫਿਲਾਸਫੀਆਂ ਦਾ ਇਲਮ ਸੀ, ਉਹ ਤਾਂ ਉਂਜ ਹੀ ਸਤ੍ਹਾ ਤੋਂ ਉੱਪਰ ਉੱਠਿਆ ਹੋਇਆ ਆਦਮੀ ਸੀ।

ਮੇਰੇ ਸ਼ਰੀਕੇ 'ਚੋਂ ਭਤੀਜਿਆਂ ਦੀ ਥਾਂ ਲੱਗਦੇ ਇਕ ਮੁੰਡੇ ਨੂੰ ਮਹਾਂਨਗਰ ਵਿੱਚ ਪੱਕੀ ਤੇ ਸੁਹਣੀ ਨੌਕਰੀ ਮਿਲ ਗਈ। ਉਹਦੀ ਪਤਨੀ ਦੀ ਵੀ ਉਥੇ ਹੀ ਕਿਸੇ ਕਾਲਜ ਵਿੱਚ ਨਿਯੁਕਤੀ ਹੋ ਗਈ। ਨੌਕਰੀਆਂ ਚੰਗੀਆਂ ਸਨ, ਇਸ ਲਈ ਵਾਪਸ ਪੰਜਾਬ ਆਉਣ ਦਾ ਖ਼ਿਆਲ ਉਨ੍ਹਾਂ ਛੱਡ ਦਿੱਤਾ। ਇਕ ਦਿਨ ਮਾਂ-ਬਾਪ ਨੂੰ ਮਿਲਣ ਆਇਆ ਤਾਂ ਮੈਨੂੰ ਵੀ ਮਿਲਿਆ। ਮੈਂ ਉਹਨੂੰ ਬਿਨਾਂ ਮੰਗੀ ਸਲਾਹ ਦਿੰਦਿਆਂ ਕਿਹਾ, "ਕਾਕਾ, ਜੇ ਤੂੰ ਸਾਰੀ ਉਮਰ ਦਿੱਲੀ 'ਚ ਹੀ ਕੱਢਣੀ ਹੈ ਤਾਂ ਉਥੇ ਠੀਕ ਜਿਹੇ ਇਲਾਕੇ ਵਿੱਚ ਪਲਾਟ ਲੈ ਕੇ ਉਸਾਰੀ ਕਰਵਾ ਲਵੀਂ।"

ਮੇਰੇ ਮੂੰਹੋਂ ਨਿੱਕਲਿਆ ਸ਼ਬਦ 'ਪਲਾਟ' ਸੁਣ ਕੇ ਭਤੀਜਾ ਤ੍ਰਬਕ ਜਿਹਾ ਗਿਆ। ਕਹਿੰਦਾ, "ਕਿਹੜੀਆਂ ਗੱਲਾਂ ਕਰਦੇ ਓਂ ਚਾਚਾ ਜੀ, ਉਥੇ ਪਲਾਟ-ਪਲੂਟ ਦੀ ਕੋਈ ਗੱਲ ਨਹੀਂ ਕਰਦਾ। ਉਥੇ ਤਾਂ ਛੱਤ ਵਿਕਦੀ ਐ ਛੱਤ। ਪਤੈ ਛੱਤ ਦਾ ਕੀ ਮੁੱਲ ਐ ਉਥੇ?"

ਮੈਂ ਅਣਜਾਣਤਾ ਪ੍ਰਗਟਾਈ ਤਾਂ ਭਤੀਜਾ ਮੈਨੂੰ ਛੱਤ ਦਾ ਮੁੱਲ ਦੱਸਣ ਲੱਗਾ। ਮੈਨੂੰ ਲੱਗਿਆ ਜਿਵੇਂ ਛੱਤ ਦਾ ਮੁੱਲ ਮੈਨੂੰ ਕਿਸੇ ਦੈਵੀ ਨੇਮ ਰਾਹੀਂ ਪਤਾ ਲੱਗ ਰਿਹਾ ਹੋਵੇ, ਵਾਰ-ਵਾਰ ਮੇਰੇ ਮਨ ਮਸਤਕ ਵਿੱਚ ਬਾਪੂ ਦੇ ਲਫ਼ਜ਼ ਗੂੰਜਣ ਲੱਗਦੇ, "ਆਪੇ ਸਮਝ ਆਜੂ ਸਮਾਂ ਆਉਣ 'ਤੇ ਬੱਚੂ।"

ਮਨ ਹੀ ਮਨ ਮੈਂ ਬਾਪੂ ਦਾ ਧਿਆਨ ਧਰਿਆ ਤੇ ਬੜੀ ਅਕੀਦਤ ਨਾਲ ਉਸ ਅੱਗੇ ਸਿਰ ਝੁਕਾਉਂਦਿਆਂ ਕਿਹਾ, "ਹਾਂ, ਸਮਾਂ ਆ ਗਿਆ ਬਾਪੂ, ਛੱਤ ਦਾ ਮੁੱਲ ਸਮਝਣ ਦਾ ਸਮਾਂ ਆ ਗਿਆ!"

ਮੈਂ ਤਾਂ ਰਾਜੂ ਹਾਂ

ਅਦਾਕਾਰ ਬਣਨ ਦਾ ਸਭ ਤੋਂ ਸੁਖਾਲਾ ਵਸੀਲਾ ਮੈਨੂੰ ਨੁਕੜ ਨਾਟਕ ਹੀ ਜਾਪਿਆ। ਹਿੰਗ ਲੱਗੇ ਨਾ ਫਟਕੜੀ ਵਾਲੀ ਗੱਲ ਸੀ। ਸੋ ਅਦਾਕਾਰੀ ਦਾ ਸ਼ੌਕ ਪੂਰਾ ਕਰਨ ਲਈ ਮੈਂ ਵੀ ਨੁਕੜ ਨਾਟਕ ਮੰਡਲੀ ਵਿਚ ਪ੍ਰਵੇਸ਼ ਪਾ ਲਿਆ। ਸੂਬੇ ਦੀ ਰਾਜਧਾਨੀ ਵਿਚ ਉਦੋਂ ਨੁਕੜ ਨਾਟਕ ਦੀ ਲਹਿਰ ਅਜੇ ਸ਼ੁਰੂ ਹੀ ਹੋਈ ਸੀ। ਕਾਲਜਾਂ ਤੇ ਯੂਨੀਵਰਸਿਟੀ ਦੇ ਅਦਾਕਾਰੀ ਤੇ ਰੰਗਮੰਚ ਦਾ ਸ਼ੌਂਕ ਰੱਖਣ ਵਾਲੇ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਰੰਗਮੰਚ ਦੀ ਇਸ ਨਵੀਂ ਲਹਿਰ ਵਿਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਸੀ। ਨੁਕੜ ਨਾਟਕ ਮੰਡਲੀ ਦਾ ਜੋ ਵੀ ਗੁਰੂ ਹੁੰਦਾ ਸੀ ਆਪਣੀ ਮੰਡਲੀ ਦੇ ਮੈਂਬਰਾਂ ਲਈ ਉਹਦਾ ਪਹਿਲਾ ਗੁਰ ਇਹ ਹੁੰਦਾ ਸੀ ਕਿ ਹਰ ਮਨੁੱਖ ਇਕ ਅਦਾਕਾਰ ਹੈ ਤੇ ਇਕ ਚੰਗੇ ਨਾਟਕ ਲਈ ਅਦਾਕਾਰੀ ਤੋਂ ਬਿਨਾਂ ਹੋਰ ਕਿਸੇ ਚੀਜ਼ ਦੀ ਲੋੜ ਨਹੀਂ, ਨਾ ਸਟੇਜ ਦੀ, ਨਾ ਸੈੱਟ ਦੀ, ਨਾ ਕਿਸੇ ਸਾਊਂਡ ਸਿਸਟਮ ਦੀ।ਅਦਾਕਾਰ, ਜੋ ਹਰ ਮਨੁੱਖ ਹੋ ਸਕਦਾ ਹੈ, ਆਪਣੀ ਅਦਾਕਾਰੀ ਦੇ ਮਾਧਿਅਮ ਰਾਹੀਂ ਪੂਰੀ ਰੰਗਮੰਚ ਪਰਿਕਲਪਨਾ ਨੂੰ ਸਾਕਾਰ ਕਰ ਸਕਦਾ ਹੈ। ਸ਼ੈਕਸਪੀਅਰ ਨੇ ਵੀ ਤਾਂ ਕਿਹਾ ਹੈ ਕਿ ਹਰ ਮਨੁੱਖ ਇਕ ਅਦਾਕਾਰ ਹੈ, ਜੋ ਧਰਤੀ ਦੇ ਮੰਚ ’ਤੇ ਆਪਣੀ ਭੂਮਿਕਾ ਨਿਭਾਉਂਦਾ ਹੈ। ਸੋ ਮੈਂ ਤੇ ਮੇਰੇ ਕੁਝ ਜੋਟੀਦਾਰਾਂ ਨੇ ਇਹ ਗੁਰ ਪੱਲੇ ਬੰਨ੍ਹ ਲਿਆ ਤੇ ਨਵੇਂ ਰੰਗਮੰਚ ਦੀ ਤਲਾਸ਼ ਵਿਚ ਨਿੱਕਲ ਤੁਰੇ।

ਤਜ਼ਰਬਾ ਸਫ਼ਲ ਰਿਹਾ। ਰੰਗਮੰਚ ਸਿੱਧਾ ਲੋਕਾਂ ਦੇ ਵਿਚਕਾਰ ਚਲਾ ਗਿਆ। ਚਹਿਲ ਪਹਿਲ ਵਾਲੀਆਂ ਥਾਵਾਂ ਦੀ ਨਿਸ਼ਾਨਦੇਹੀ ਕਰ ਲਈ ਜਾਂਦੀ। ਏਥੇ ਨਗਾਰੇ ’ਤੇ ਚੋਟ ਲਗਾ ਦਿੱਤੀ ਜਾਂਦੀ। ਆਕਰਸ਼ਿਤ ਹੋਏ ਲੋਕ ਨਾਟ ਮੰਡਲੀ ਦੁਆਲੇ ਦਾਇਰਾ ਬਣਾ ਲੈਂਦੇ। ਬਸ ਫਿਰ ਨਾਟਕ ਸ਼ੁਰੂ। ਅਦਾਕਾਰ ਗੋਲ ਦਾਇਰੇ ਵਿਚ ਘੁੰਮਦੇ ਹੋਏ, ‘ਨਾਟਕ, ਨਾਟਕ, ਨਾਟਕ’ ਦਾ ਸਮੂਹਗਾਨ ਕਰਦੇ। ਕੋਈ ਅਦਾਕਾਰ ਸ਼ੇਰ ਵਾਂਗ ਦਹਾੜਦਾ, ਕੋਈ ਮਿਣ ਮਿਣ ਕਰਦਾ ਬੱਕਰੀ ਵਾਂਗ ਤੇ ਇੰਜ ਜੰਗਲ ਦਾ ਦ੍ਰਿਸ਼ ਬਣ ਜਾਂਦਾ, ਜਿਸ ਰਾਹੀਂ ‘ਤਕੜੇ ਦੇ ਸੱਤੀ ਵੀਹੀਂ ਸੌ’ ਦੀ ਧੱਕੇਸ਼ਾਹੀ ਦਿਖਾਈ ਜਾਂਦੀ। ਇਸੇ ਤਰ੍ਹਾਂ ਬਾਬੂਸ਼ਾਹੀ, ਭ੍ਰਿਸ਼ਟਾਚਾਰ ਆਦਿ ਦਾ ਭਾਂਡਾ ਚੌਰਾਹੇ ਵਿਚ ਭੰਨਿਆ ਜਾਂਦਾ। ਨਾਟਕ ਦੀ ਸਮਾਪਤੀ ’ਤੇ ਦਰਸ਼ਕ ਨਾ ਕੇਵਲ ਮੰਡਲੀ ਦੀ ਪ੍ਰਸੰਸਾ ਹੀ ਕਰਦੇ ਸਗੋਂ ਪੈਸਿਆਂ ਨਾਲ ਵੀ ਨਵੇਂ ਅਦਾਕਾਰਾਂ ਦੀ ਹੌਂਸਲਾ ਹਫ਼ਜਾਈ ਕਰਦੇ।

ਲੋਕ ਸਚਮੁੱਚ ਹੈਰਾਨ ਸਨ ਕਿ ਮਾਤਰ ਇਕ ਨਗਾਰੇ ਨਾਲ ਨਾਟਕ ਹੋ ਸਕਦਾ ਹੈ।

ਕੁਝ ਵੀ ਹੋਵੇ ਤਜੁਰਬਿਆਂ ਦੇ ਸ਼ੁਕੀਨਾਂ ਦੀ ਸੰਤੁਸ਼ਟੀ ਬੜੀ ਮੁਸ਼ਕਲ ਨਾਲ ਹੁੰਦੀ ਹੈ।

ਮੇਰੇ ਜੋਟੀਦਾਰ ਨਰੇਸ਼ ਨੂੰ ਵੀ ਕੁਝ ਨਾ ਕੁਝ ਨਵਾਂ ਕਰਨ ਦੀ ਅੱਚਵੀ ਲੱਗੀ ਰਹਿੰਦੀ ਸੀ। ਉਹ ਹਿਮਾਚਲ ਤੋਂ ਪੇਂਟਿੰਗ ਦਾ ਕੋਰਸ ਕਰਨ ਲਈ ਏਥੇ ਆਇਆ ਸੀ। ਪੇਂਟਿੰਗ ਵਿਚ ਵੀ ਨਵੇਂ -ਨਵੇਂ ਤਜ਼ਰਬੇ ਕਰਦਾ ਰਹਿੰਦਾ ਸੀ ਤੇ ਜ਼ਿੰਦਗੀ ਵਿਚ ਵੀ। ਉਹ ਮੇਰਾ ਸਹਿਪਾਠੀ ਸੀ। ਸਹਿਪਾਠੀ ਲੜਕੀਆਂ ਨਾਲ ਬਹੁਤ ਖੁੱਲ੍ਹ ਕੇ ਗੱਲ ਕਰਦਾ ਸੀ। ਲੜਕੀਆਂ ਲਈ ਉਹ ਕਦੇ ਵੀ ਵਿਸ਼ੇਸ਼ ਪਿਆਰ ਭਾਵਨਾ ਦਾ ਪਾਤਰ ਨਾ ਬਣਿਆ ਤੇ ਨਾ ਹੀ ਕਦੇ ਲੜਕੀਆਂ ਨੇ ਉਹਦੀਆਂ ਖੁੱਲੀਆਂ ਗੱਲਾਂ ਦਾ ਕੋਈ ਬੁਰਾ ਮਨਾਇਆ। ਉਹ ਹਿੰਦੂ ਸਨਾਤਨੀ ਪਰਿਵਾਰਕ ਪਿਛੋਕੜ ਰੱਖਣ ਵਾਲਾ ਗੋਲ ਮਟੋਲ ਨੌਜਵਾਨ ਸੀ, ਗੁਲਾਬੀ ਭਾਅ ਮਾਰਨ ਵਾਲਾ ਉਹਦਾ ਚਿਹਰਾ ਸਦਾ ਹਸੂੰ-ਹਸੂੰ ਕਰਦਾ।

ਉਹ ਅਕਸਰ ਮੈਨੂੰ ਆਖਦਾ, “ਯਾਰ !ਬਾਤ ਨਹੀਂ ਬਨ ਰਹੀ !”

ਮੈਂ ਪੁੱਛਦਾ, “ਤਾਂ ਫਿਰ ਕਿਵੇਂ ਬਣੇਗੀ ਬਾਤ?”

ਉਹ ਆਖਦਾ, “ਲੋਗੋਂ ਕੀ ਸੀਧੀ ਸ਼ਮੂਲੀਅਤ ਚਾਹੀਏ ਨਾਟਕ ਮੇਂ!”

ਮੈਂ ਉਹਨੂੰ ਸੁਝਾਅ ਦਿੱਤਾ, “ਤਾਂ ਫਿਰ ਕਿਉਂ ਨਾ ਆਪਾਂ ਆਪਦਾ ਨਾਟਕ ਦਲਿਤ ਬਸਤੀ ਵਿਚ ਲੈ ਜਾਈਏ। ਦਲਿਤਾਂ ਵਿਚੋਂ ਹੀ ਪਾਤਰ ਬਣਾ ਕੇ ਜਾਤੀਪ੍ਰਥਾ ਉੱਪਰ ਚੋਟ ਮਾਰੀਏ।”

ਉਹਨੂੰ ਮੇਰਾ ਸੁਝਾਅ ਫੌਰਨ ਜਚ ਗਿਆ। ਅਸੀਂ ਦਲਿਤ ਬਸਤੀ ਵਿਚ ਜਾ ਕੇ ਨਾਟਕ ਕਰਨ ਲਈ ਕਮਰਕੱਸੇ ਕਰ ਲਏ। ਨਾਟਕ ਲਈ ਰਿਸ਼ੀ ਬਾਲਮੀਕ ਜਯੰਤੀ ਦਾ ਦਿਨ ਨਿਸ਼ਚਿਤ ਕਰ ਲਿਆ। ਇਹ ਦਿਨ ਸਾਡੀ ਯੋਜਨਾ ਦੇ ਲਿਹਾਜ਼ ਨਾਲ ਸਭ ਤੋਂ ਨੇੜਲਾ ਦਿਨ ਸੀ।

ਦਲਿਤ ਬਸਤੀ ’ਚ ਅਸੀਂ ‘ਮਾਨਸ ਕੀ ਜਾਤ ਸਭੈ ਏਕ ਬੋ’ ਦਾ ਸੁਨੇਹਾ ਲੈ ਕੇ ਗਏ। ਮੌਕੇ ’ਤੇ ਹੀ ਸਕ੍ਰਿਪਟ ਤਿਆਰ ਕਰ ਲਈ ਗਈ। ਬ੍ਰਾਹਮਣ ਪਾਤਰ ਸਿਰਜੇ ਗਏ ਅਤੇ ਸ਼ੂਦਰ ਵੀ। ਬ੍ਰਾਹਮਣਾਂ ਦੁਆਰਾ ਸ਼ੂਦਰਾਂ ਉੱਪਰ ਢਾਹੇ ਜਾਂਦੇ ਰਹੇ ਅੱਤਿਆਚਾਰ ਨੂੰ ਦਰਸਾਇਆ। ਸ਼ੂਦਰਾਂ ਦੇ ਕੰਨਾਂ ਵਿਚ ਸਿੱਕਾ ਢਾਲ ਕੇ ਪਾਉਣ ਦੇ ਘੋਰ ਅਣਮਨੁੱਖੀ ਵਰਤਾਰੇ ਦਾ ਨਾਟਕੀਕਰਣ ਕਰਨ ਦਾ ਯਤਨ ਕੀਤਾ ਗਿਆ। ਇਹ ਨਾਟਕ ਦਲਿਤਾਂ ਦੁਆਰਾ ਹੀ ਕਰਵਾਇਆ ਗਿਆ। ਨਾਟਕ ਦਾ ਸੁਨੇਹਾ ਤਾਂ ਇਸ ਵਿਚੋਂ ਸਪਸ਼ਟ ਹੋ ਰਿਹਾ ਸੀ,ਪਰ ਪਾਤਰ ਆਪਸ ਵਿਚ ਨਾ ਤਾਂ ਢੁਕਵਾਂ ਤਾਲਮੇਲ ਹੀ ਬਿਠਾ ਪਾ ਰਹੇ ਸਨ ਤੇ ਨਾ ਹੀ ਉਨ੍ਹਾਂ ਦੇ

ਨਿੱਜੀ ਹਾਵ ਭਾਵ ਹੀ ਕਾਬੂ ਵਿਚ ਸਨ। ਉਹ ਅਕਾਰਨ ਹੀ ਹੱਸ ਪੈਂਦੇ ਸਨ, ਸੰਵਾਦ ਭੁੱਲ ਜਾਂਦੇ ਸਨ, ਊਟ ਪਟਾਂਗ ਗੱਲਾਂ ਕਰ ਜਾਂਦੇ ਸਨ। ਨਾਟਕ ਦੀ ਸਮਾਪਤੀ ਉਪਰੰਤ ਨਰੇਸ਼ ਨੇ ਫਿਰ ਉਹੀ ਫ਼ਿਕਰਮੰਦੀ ਦੁਹਰਾਈ "ਯਾਰ! ਬਾਤ ਨਹੀਂ ਬਨ ਰਹੀ।"

ਦਲਿਤ ਬਸਤੀ ਵਾਲਿਆਂ ਸਾਡੀ ਖ਼ੂਬ ਖਾਤਰਦਾਰੀ ਕੀਤੀ। ਬਾਲਮੀਕ ਜਯੰਤੀ ਕਾਰਨ ਵਿਸ਼ੇਸ਼ ਕੜਾਹ ਪੂਰੀ ਦਾ ਲੰਗਰ ਲਾਇਆ ਗਿਆ ਸੀ। ਇਸ ਲਜੀਜ਼ ਪਕਵਾਨ ਦਾ ਅਸੀਂ ਦਿਲ ਭਰ ਕੇ ਅਨੰਦ ਲਿਆ। ਕੜਾਹ ਪੂਰੀ ਛਕ ਕੇ ਅਸੀਂ ਆਪਣਾ ਨਗਾਰਾ ਚੁੱਕਿਆ ਤੇ ਵਾਪਸ ਆਪਣੇ ਹੋਸਟਲ ਆ ਗਏ।

ਹੁਣ ਸਾਡੇ ਸਾਹਮਣੇ ਇਕ ਵੱਡਾ ਸਵਾਲ ਸੀ, 'ਇਕ ਵਪਾਰੀ ਨਿਪੁੰਨਤਾ ਨਾਲ ਵਪਾਰ ਕਰ ਸਕਦਾ ਹੈ,ਕੀ ਉਹ ਵਪਾਰੀ ਹੋਣ ਦੀ ਅਦਾਕਾਰੀ ਵੀ ਕਰ ਸਕਦਾ ਹੈ, ਜੇਕਰ ਨਹੀਂ ਕਰ ਸਕਦਾ ਤਾਂ ਸ਼ੈਕਸਪੀਅਰ ਦੀ ਨਜ਼ਰ ਵਿਚ ਹਰ ਮਨੁੱਖ ਅਦਾਕਾਰ ਕਿਉਂ ਹੈ?' ਅਸੀਂ ਇਸ ਸਵਾਲ ਦੇ ਵੱਖ-ਵੱਖ ਪੱਖਾਂ ਬਾਰੇ ਬਹਿਸ ਕਰਦਿਆਂ ਕਿਸੇ ਸਿੱਟੇ 'ਤੇ ਅਜੇ ਪਹੁੰਚੇ ਹੀ ਨਹੀਂ ਸੀ। ਇਕ ਦਿਨ ਨਰੇਸ਼ ਦਾ ਬਾਪ ਆ ਧਮਕਿਆ। ਉਹ ਆਪਣੇ ਪੁੱਤਰ ਨੂੰ ਸਿੱਧਾ ਹੀ ਟੱਕਰਿਆ,

"ਤੁਮ ਦਲਿਤ ਬਸਤੀ ਗਏ ਥੇ ?"

"ਜੀ ਹਾਂ ,"

"ਤੁਮਨੇ ਵਹਾਂ ਉਨਕਾ ਕੜਾਹ ਪੂਰੀ ਖਾਏ ਥੇ ਉਨਕੇ ਹਾਥੋਂ ?"

"ਜੀ ਹਾਂ ,"

"ਕਿਉਂ ?"

"ਨਰੇਸ਼ ਚੁੱਪ ਸੀ।

"ਤੁਮਹੇਂ ਅਪਨੇ ਪਰਿਵਾਰ ਕੀ ਮਰਯਾਦਾ ਕਾ ਕੋਈ ਖ਼ਯਾਲ ਨਹੀਂ ਆਯਾ?"

ਨਰੇਸ਼ ਫਿਰ ਚੁੱਪ ਸੀ।

ਪਿਤਾ ਨੇ ਆਦੇਸ਼ ਦਿੱਤਾ, "ਅਪਨਾ ਸਮਾਨ ਪੈਕ ਕਰੋ, ਤੁਮਹੇਂ ਹਰਿਦੁਆਰ ਲੇਕਰ ਜਾਨਾ ਹੈ।" ਨਰੇਸ਼ ਨੇ ਆਦੇਸ਼ ਦਾ ਪਾਲਣ ਕੀਤਾ ਤੇ ਆਪਣੇ ਪਿਤਾ ਨਾਲ, ਕਦੇ ਵੀ ਨਾ ਮੁੜਨ ਲਈ, ਵਾਪਸ ਚਲਾ ਗਿਆ। ਮੇਰੇ ਲਈ ਨਰੇਸ਼ ਬੁਝਾਰਤ ਬਣਿਆ ਰਿਹਾ, "ਆਖ਼ਰ ਉਹ ਦੂਸਰਾ ਨਰੇਸ਼ ਕੌਣ ਸੀ ਜੋ ਨਾਟਕਾਂ ਵਿਚ ਜਾਤੀ ਪ੍ਰਥਾ ਦੇ ਖ਼ਿਲਾਫ਼ ਝੰਡਾ ਬਰਦਾਰ ਬਣਦਾ ਸੀ? ਬ੍ਰਾਹਮਣਵਾਦ ਦੇ ਖ਼ਿਲਾਫ਼ ਵਿਦਰੋਹ ਕਰਦਾ ਸੀ। ਊਚ-ਨੀਚ ਦੇ ਵਿਚਾਰ ਦੀ ਨਿੰਦਿਆ ਕਰਦਾ ਸੀ ?

ਨਰੇਸ਼ ਦੇ ਚਲੇ ਜਾਣ ਮਗਰੋਂ ਮੈਂ ਆਪਣਾ ਜ਼ਿਆਦਾ ਧਿਆਨ ਪੜ੍ਹਾਈ ਵਾਲੇ ਪਾਸੇ ਲਾ ਦਿੱਤਾ। ਕੋਰਸ ਪੂਰਾ ਕਰਕੇ ਘਰ ਵਾਪਸੀ ਕਰ ਲਈ ਤੇ ਫਿਰ ਗਰਦਿਸ਼ ਦੇ ਦਿਨ ਸ਼ੁਰੂ ਹੋ ਗਏ।

ਨੌਕਰੀ ਨਾ ਮਿਲੀ ਤਾਂ ਖੇਤੀ ਦੇ ਕੰਮ ’ਚ ਲੱਗ ਗਿਆ। ਪਰਿਵਾਰ ਵਿਚ ਹਿੱਸੇ ਆਉਂਦਾ ਕੰਮ ਹਰ ਹੀਲੇ ਕਰਨਾ ਪੈਂਦਾ ਸੀ। ਏਥੇ ਨਾ ਪੜ੍ਹਾਈ ਦਾ ਕੋਈ ਉਚੇਚਾ ਮੁੱਲ ਸੀ ਤੇ ਨਾ ਹੀ ਕਲਾਤਮਿਕ ਪ੍ਰਤਿਭਾ ਦੀ ਕੋਈ ਵਿਸ਼ੇਸ਼ ਕਦਰ ਸੀ। ਬਸ ਇਕ ‘ਕੰਮ’ ਹੀ ਯੋਗਤਾ ਦਾ ਇਕ ਮਾਤਰ ਪੈਮਾਨਾ ਸੀ। ਪੜ੍ਹੇ ਲਿਖੇ ਤੇ ਕਲਾਤਮਿਕ ਯੋਗਤਾ ਰੱਖਣ ਵਾਲੇ ਬੰਦੇ ਨੂੰ ਵੀ ਆਪਣੀ ਯੋਗਤਾ ‘ਕੰਮ’ ਦੀ ਕਸਵੱਟੀ ਤੋਂ ਹੀ ਸਿੱਧ ਕਰਨੀ ਪੈਂਦੀ ਸੀ।

ਝੋਨੇ ਦੇ ਸੀਜ਼ਨ ਵਿਚ ਮੈਂ ਇਕ ਮੋਟਰ ਦੀ ਜੁੰਮੇਵਾਰੀ ਆਪਣੇ ਸਿਰ ਲੈ ਲਈ। ਦਿਨ-ਰਾਤ ਦੀ ਡਿਊਟੀ ਸੀ। ਬਿਜਲੀ ਦੇ ਕੱਟ ਲਗਦੇ ਰਹਿੰਦੇ ਸਨ। ਇਕ ਵੀ ਮਿੰਟ ਜ਼ਾਇਆ ਕੀਤੇ ਬਗ਼ੈਰ ਮੁੜ ਮੋਟਰ ਚਲਾਉਣੀ ਪੈਂਦੀ ਸੀ। ਆਪਣਾ ਡੰਡਾ-ਡੇਰਾ ਚੁੱਕ ਮੈਂ ਮੋਟਰ ’ਤੇ ਹੀ ਟਿਕਾਣਾ ਕਰ ਲਿਆ। ਪੜ੍ਹਨ ਲਈ ਲੋੜੀਦੀਆਂ ਕਿਤਾਬਾਂ ਮੋਟਰ ’ਤੇ ਲਿਆ ਰੱਖੀਆਂ। ਆਪਣਾ ਪੁਰਾਣਾ ਰੰਗਮੰਚ ਲਈ ਇਸ਼ਕ ਵੀ ਮਨ ’ਚ ਅੰਗੜਾਈਆਂ ਲੈਣ ਲੱਗਾ। ਮੋਟਰ ’ਤੇ ਮੇਰੇ ਕੋਲ ਨੌਜਵਾਨਾਂ ਦਾ ਆਮ ਆਉਣ ਜਾਣ ਰਹਿੰਦਾ ਸੀ। ਮੈਂ ਸੋਚਿਆਂ, ‘ਕਿਉਂ ਨਾ ਹਰ ਮਨੁੱਖਾਂ ਦੇ ਇਕ ਐਕਟਰ ਹੋਣ ਦਾ ਤਜੁਰਬਾ ਇਨ੍ਹਾਂ ਨੌਜਵਾਨਾਂ ਨੂੰ ਲੈ ਕੇ ਵੀ ਕੀਤਾ ਜਾਵੇ।’ ਨਾਟਕ ਤਿਆਰ ਕਰ ਲਿਆ ਜਾਵੇ ਤੇ ਫਿਰ ਪਿੰਡ ਦੀ ਸੱਥ ਵਿਚ ਪੇਸ਼ ਕੀਤਾ ਜਾਵੇ। ਬਹੁਤੇ ਨੌਜਵਾਨ ਇਸ ਤਜੁਰਬੇ ਵਿਚ ਭਾਗ ਲੈਣ ਲਈ ਸਹਿਮਤ ਹੋ ਗਏ, ਜਦ ਕਿ ਕੁਝ ਨੇ ਇਸ ਦਾ ਮਜ਼ਾਕ ਵੀ ਉਡਾਇਆ।

ਸਕ੍ਰਿਪਟ ਲੱਭੀ ਗਈ, ਰੋਲ ਵੰਡਣ ਤੋਂ ਪਹਿਲਾਂ ਸਕ੍ਰਿਪਟ ਪੜ੍ਹ ਕੇ ਸੁਣਾਈ ਗਈ, ਰੋਲ ਵੰਡੇ ਗਏ। ਸੂਤਰਧਾਰ ਦਾ ਰੋਲ ਰਾਜੂ ਨੂੰ ਦਿੱਤਾ ਗਿਆ। ਰਾਜੂ ਸ਼ਕਲ-ਸੂਰਤੋਂ ਜ਼ਰਾ ਵੱਖਰੀ ਕਿਸਮ ਦਾ ਸੀ। ਸਭ ਦਾ ਖ਼ਿਆਲ ਸੀ ਕਿ ਉਹ ਸਹਿਜੇ ਹੀ ਨਾਟਕ ਦਾ ਕੇਂਦਰ ਬਣ ਜਾਵੇਗਾ, ਬਸ ਜ਼ਰਾ ਢੰਗ ਦੀ ਐਕਟਿੰਗ ਕਰ ਲਵੇ। ਆਪੋ-ਆਪਣੇ ਹਿੱਸੇ ਦੇ ਰੋਲ ਨਾਲ-ਨਾਲ ਸਾਰੇ ਰਾਜੂ ਦੀ ਰੋਲ ਨਿਭਾਅ ਸਕਣ ਦੀ ਸਮਰੱਥਾ ਵੱਲ ਵੀ ਧਿਆਨ ਦੇ ਰਹੇ ਸਨ। ਨਾਟਕ ਦੇ ਸ਼ੁਰੂਆਤੀ ਦ੍ਰਿਸ਼ ਵਿਚ ਵੀ ਤਾਂ ਆਮ ਸੂਤਰਧਾਰ ਦੀ ਤਰ੍ਹਾਂ ਰਾਜੂ ਨੇ ਹੀ ਆਉਣਾ ਸੀ, ਸਾਰੇ ਨਾਟਕ ਨੂੰ ਉਸੇ ਨੇ ਹੀ ਇਕ ਸੂਤਰ ਵਿਚ ਪ੍ਰੋਅ ਕੇ ਰੱਖਣਾ ਸੀ। ਬਿਖ਼ਰੇ ਹੋਏ ਢਾਂਚੇ ਵਾਲੇ ਨੁਕੜ-ਨਾਟਕ ਵਿਚ ਸੂਤਰਧਾਰ ਦਾ ਕੰਮ ਚੁਣੌਤੀ ਭਰਿਆ ਹੁੰਦਾ ਹੈ। ਸਾਡੀ, ਭਾਵ ਸਾਡੇ ਨਾਟਕ ਦੀ, ਸਾਰੀ ਸਫ਼ਲਤਾ ਰਾਜੂ

ਉੱਪਰ ਹੀ ਨਿਰਭਰ ਸੀ। ਡੀਲ-ਡੌਲ ਤੇ ਚਿਹਰੇ-ਮੁਹਰੇ ਪੱਖੋਂ ਉਹਦੇ ਤੋੜ ਦਾ ਹੋਰ ਕੋਈ ਨੌਜਵਾਨ ਨਹੀਂ ਸੀ।

ਸ਼ੁਰੂਆਤੀ ਰੋਲ ਕੁਝ ਇਸ ਤਰ੍ਹਾਂ ਸੀ। ਰਾਜੂ ਨੇ ਮੱਥੇ ’ਤੇ ਹੱਥ ਧਰ ਕੇ ਆਸੇ ਪਾਸੇ ਨਜ਼ਰ ਦੁੜਾਉਣੀ ਸੀ ਤੇ ਸੰਵਾਦ ਬੋਲਣਾ ਸੀ, “ਬਥੇਰੇ ਨੇ, ਬਥੇਰੇ ਨੇ, ਅੱਜ ਵਾਸਤੇ ਐਨੇ ਹੀ ਦਰਸ਼ਕ ਬਥੇਰੇ ਨੇ।”

ਰਾਜੂ ਨੇ ਮੱਥੇ ਤੇ ਹੱਥ ਧਰਿਆ, ਆਸੇ ਪਾਸੇ ਨਜ਼ਰ ਦੁੜਾਈ ਤੇ ਫਿਰ ਬੋਲਿਆ, “ਬਥੇਰੇ ਨੇ, ਬਥੇਰੇ ਨੇ, ਅੱਜ ਵਾਸਤੇ ਐਨੇ ਹੀ ਦਰੱਖ਼ਤ ਬਥੇਰੇ ਨੇ।” ਅਸੀਂ ਰਾਜੂ ਨੂੰ ਟੋਕਿਆ, “ਦਰੱਖ਼ਤ ਨਹੀਂ ਓਏ ਦਰਸ਼ਕ” ਮੁੜ-ਮੁੜ ਟੋਕਣ ਦੇ ਬਾਵਜੂਦ ਉਹ ਦਰੱਖ਼ਤ ਹੀ ਕਹੀ ਗਿਆ ਤੇ ਨਾਲੇ ਆਸੇ-ਪਾਸੇ ਇਸ਼ਾਰਾ ਕਰਕੇ ਕਹਿੰਦਾ, “ਮੈਨੂੰ ਤਾਂ ਦਰੱਖ਼ਤ ਹੀ ਦਿਖਾਈ ਦਿੰਦੇ ਹਨ।”

ਮੈਂ ਰਾਜੂ ਨੂੰ ਮੋਢਿਓਂ ਫੜ ਕੇ ਸਮਝਾਉਣ ਦੀ ਕੋਸ਼ਿਸ਼ ਕੀਤੀ”......ਪਰ ਤੂੰ ਐਕਟਰ ਐਂ ਰਾਜੂ, ਐਕਟਰ !”

“ਨਹੀਂ, ਮੈਂ ਤਾਂ ਰਾਜੂ ਹਾਂ।” ਆਖ ਉਹ ਚੁੱਪ-ਚਾਪ ਬੰਨ੍ਹੇ ਉੱਤੇ ਬਹਿ ਗਿਆ, ਉਹਦੇ ਅੰਦਰੋਂ ਨਿੱਕਲੇ ਅਸਲੀ ਸੰਵਾਦ ਨੇ ਬਾਕੀ ਸਭ ਨੂੰ ਵੀ ਚੁੱਪ ਕਰ ਦਿੱਤਾ।

ਜੋ ਗੱਲ ਰਾਜੂ ਕਹਿ ਗਿਆ ਉਹ ਨਰੇਸ਼ ਨਾ ਕਹਿ ਸਕਿਆ। ਦਲਿਤਾਂ ਦੀ ਬਸਤੀ ਵਿਚ ਨਾਟਕ ਖੇਡਦਿਆਂ ਜੋ ਦਲਿਤ ਮਸੀਹਾ ਸੀ, ਉਹ ਸੱਚਮੁੱਚ ਦਾ ਦਲਿਤ ਮਸੀਹਾ ਨਹੀਂ ਸੀ, ਉਹ ਤਾਂ ਨਰੇਸ਼ ਸੀ। ਆਪਣੀ ਅਸਲੀਅਤ ਨੂੰ ਸਮਝ ਕੇ ਰਾਜੂ ਖੇਤ ਦੇ ਬੰਨੇ ਤੇ ਬਹਿ ਗਿਆ ਸੀ ਤੇ ਨਰੇਸ਼ ਘਰ ਜਾ ਕੇ।